ਲੇਖ ਡਾ: ਗੁਰਮੁਖ ਸਿੰਘ ੨੫ ਜਨਵਰੀ ੨੦੧੦

## ਦਸਮ ਗ੍ਰੰਥ ਵਿਚਾਰ ਗੋਸ਼ਟੀ ਲਈ ਮੂਲ ਤਥ ਤੇ ਪੇਸ਼ਕਾਰੀ

(ਇਸ ਪਰਚੇ ਵਿਚ ਸਰਬ ਲੋਹ ਗ੍ਰੰਥ,ਰਤਿਨਾਮਿਆਂ ਤੇ ਪੁਰਾਤਨ ਸਿਖ ਇਤਿਹਾਸ ਦੀ ਵਿਚਾਰ ਵੀ ਸ਼ਾਮਲ ਹੈ

### ਭੂਮਿਕਾ

ਦਾਸ ਨੇਂ ਮਾਰਚ ੨੦੦੮ ਵਿਚ ਪੁਸਤਕ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਆਧਾਰ ਤੇ ਦਸਮ ਗ੍ਰੰਥ ਦੀ ਵਿਚਾਰ", ਸਿਖ ਅਦਾਰਿਆਂ ਤੇ ਸੰਗਤਾਂ ਦੇ ਵਿਚਾਰ ਤੇ ਨਿਰਣੇ ਕਰਨ ਲਈ ਪੇਸ਼ ਕੀਤੀ ਸੀ ।ਇਹ ਪੁਸਤਕ Website sikhpanth.org ਤੇ sikhmarg ਤੇ ਉਪਲਬਧ ਹੈ ।

ਦਾਸ ਨੇ ਦਸਮ ਗ੍ਰੰਥ ਦੀ ਅਸਲੀਅਤ ਦੀ ਪੂਰੀ ਵਿਚਾਰ ਇਸ ਪੁਸਤਕ ਵਿਚ ਕੀਤੀ ਸੀ। ਨਿਰਣਾ ਇਹ ਸੀ ਕਿ ਦਸਮ ਗ੍ਰੰਥ ਦੀਆਂ ਰਚਨਾਵਾਂ ਸਿਖ ਵਿਰੋਧੀ, 'ਦੇਵੀ ਦੇਵਤਿਆਂ ਨੂੰ ਮੰਣਨ ਵਾਲੇ ਅਦਾਰਿਆਂ ਨੇ' ਸਿਖ ਧਰਮ ਨੂੰ ਹਿੰਦੂ ਧਰਮ ਵਿਚ ਰਲਾਣ ਲਈ ਲਿਖਵਾਈਆਂ, ਇਸ ਗ੍ਰੰਥ ਵਿਚ ਪਾ:੧੦ ਦੀ ਕੋਈ ਰਚਨਾ ਨਹੀਂ ।ਪਾ:੧੦ ਨੇਂ ਹੋਰ ਕੋਈ ਬਾਣੀ ਵੀ ਨਹੀਂ ਰਚੀ ।

ਸਰਦਾਰ ਦਲਬੀਰ ਸਿੰਘ Msc ਦੀ ਪੁਸਤਕ 'ਦਸਮ ਗ੍ਰੰਥ ਦੀ ਅਸਲੀਯਤ'ਅਗਸਤ ੨੦੦੯ ਵਿਚ ਛਪੀ। ਇਸ ਪੁਸਤਕ ਵਿਚ ਵਿਸਥਾਰ ਨਾਲ ਦਸਿਆ ਗਿਆ ਹੈ ਕਿ ਦਸਮ ਗ੍ਰੰਥ ਦੀਆਂ ਰਚਨਾਵਾਂ ਬੇਦ ਮਤ ਦੇ ਅਮਕੇ ਗ੍ਰੰਥਾਂ ਦਾ ਅਨੁਵਾਦ ਹਨ ਤੇ ਇਹਨਾਂ ਪੁਸਤਕਾਂ ਤੇ ਆਧਾਰਿਤ ਹਨ, ਕੋਈ ਵੀ ਰਚਨਾ ਪਾ; ੧੦ ਕ੍ਰਿਤ ਨਹੀਂ।

"ਦਸਮ ਗ੍ਰੰਥ ਦਾ ਲਿਖਾਰੀ ਕੋਣ" ਨਾਮ ਦੀ ਪੁਸਤਕ ਸਰਦਾਰ ਜਸਬਿੰਦਰ ਸਿੰਘ ਖਾਲਸਾ ਨੇ ਲਿਖ ਕੇ ਸਾਬਤ ਕੀਤਾ ਕਿ ਦਸਮ ਗ੍ਰੰਥ ਪ: ੧੦ ਕ੍ਰਿਤ ਨਹੀਂ । ਇਸ ਦੀ ਪ੍ਰੋੜ੍ਹਤਾ ਕਰਨ ਵਾਲੀਆਂ ਦਸਮ ਗ੍ਰੰਥ ਬਾਰੇ ਹੋਰ ਕਈ ਪੁਸਤਕਾਂ ਤੇ ਲੇਖ ਇਸੀ ਸਮੇਂ ਵਿਚ ਛਪੇ ਜੋ ਵੈਬਸਾਈਟ ਸਿਖ ਮਾਰਗ ਤੇ ਦੇਖੇ ਜਾ ਸਕਦੇ ਹਨ।

ਡਾਕਟਰ ਸੰਗਤ ਸਿੰਘ ਉਘੇ ਇਤਿਹਾਸਕਾਰ ਨੇਂ ਅਪਨੀ ਪੁਸਤਕ 'Sikhs in History' ਦਾ Appendix 1, Jan 2010 ਵਿਚ ਛਾਪਣ ਲਈ ਭੇਜਿਆ, ਉਸ ਦੀ ਕਾਪੀ ਇਸ ਲੇਖ ਦੇ ਨਾਲ ਲਗਾਈ ਗਈ ਹੈ । ਇਸ ਲੇਖ ਦਾ ਪੰਜਾਬੀ ਵਿਚ ਸੰਖੇਪ ਦਾਸ ਨੇਂ ਹੇਠਾਂ ਲਿਖਿਆ ਹੈ ।

### ਲੇਖ ਦਾ ਸਾਰ

ਦਸਮ ਗ੍ਰੰਥ ਦੀ ਕਹਾਣੀ ਇਥੋਂ ਸ਼ੁਰੂ ਹੋਈ,

ਸਨ ੧੮੧੦ ਦੇ ਕਰੀਬ 'ਦਸਮ ਪਾਤਸ਼ਾਹ ਦਾ ਗ੍ਰੰਥ' ਨਾਮਕ ਪੁਸਤਕ ਅੰਗਰੇਜ਼ ਹੁਕਮਰਾਣ Lt Col Malcolm ਨੇਂ ਪਟਨਾਂ ਸਾਹਿਬ ਦੇ ਗ੍ਰੰਥੀ ਸੁਖਾ ਸਿੰਘ ਤੇ ਨਿਰਮਲੇ ਸੰਤ ਆਤਮਾਂ ਰਾਮ ਤੇ ਹੋਰ ਨਿਰਮਲਿਆਂ ਤੋਂ ਲਿਖਵਾਇਆ ,ਮੰਤਵ ਇਹ ਸੀ ਕਿ ਸਿਖਾਂ ਨੂੰ ਸ਼ਬਦ ਗੁਰੂ ਤੋਂ ਤੋੜਿਆ ਜਾਵੇ ਤੇ ਗੁਰਬਾਣੀ ਉਪਦੇਸ਼ ਅਨੁਸਾਰ ਸਿਰਫ ਇਕ ਅਕਾਲ ਪੁਰਖ ਦੀ ਆਰਾਧਨਾਂ ਤੋਂ ਹਟਾ ਕੇ ਵੇਦ ਮਤ ਦੇ

ਦੇਵੀ ਦੇਵਤਿਆਂ ਦੀ ਉਪਾਸ਼ਨਾਂ ਵਿਚ ਜੋੜਿਆ ਜਾਵੇ । Lt Col Macolm ਮੰਨਦਾ ਹੈ ਕਿ ਉਹ ਜਾਣਦਾ ਸੀ ਕਿ ਆਤਮਾਂ ਰਾਮ ਦਸਮ ਪਾਤਸ਼ਾਹ ਦੇ ਗ੍ਰੰਥ ਨੂੰ ਘੜ ਰਿਹਾ ਹੈ।
ਸਨ ੧੮੪੬ ਤੋਂ ਬਾਦ ਦਸਮ ਗ੍ਰੰਥ ਨੂੰ ਮੁੜ ਅੰਗਰੇਜ਼ਾਂ ਦੀ ਨਿਗਰਾਨੀਂ ਵਿਚ ,Governor General of India ਦੇ ਆਦੇਸ਼ਾਂ ਅਨੁਸਾਰ ਲਿਖਵਾਇਆ ਗਿਆ ।
੧੯ ਵੀਂ ਸਦੀ ਦੇ ਅਖੀਰ ਵਿਚ ਭਾਈ ਮੰਨਾਂ ਸਿੰਘ 'ਗੁਰਮਤੁ ਗ੍ਰੰਥ ਪਰਚਾਰ ਸਭਾ' ਦੇ ਸਕਤਰ ਸਨ, ਇਹ ਸੰਸਥਾ ਬਾਬਾ ਖੇਮ ਸਿੰਘ ਬੇਦੀ ਦੀ ਸੰਸਥਾ, 'ਸਿੰਘ ਸਭਾ ਲਹਿਰ' ਨਾਲ ਜੁੜੀ ਸੀ ।ਭਾਈ ਮੰਨਾਂ ਸਿੰਘ ਤੋਂ ਕਮ ਕਰਵਾਉਣ ਵਾਲਾ, ਪਿਛੇ ਬੈਠਾ ਖੇਮ ਸਿੰਘ ਬੇਦੀ ਸੀ । ਖੇਮ ਸਿੰਘ ਬੇਦੀ ਅੰਗ੍ਰੇਜ਼ਾਂ ਦਾ ਮੁਲ ਖਰੀਦੀ ਗ਼ੁਲਾਮ ਸੀ ।ਉਸ ਨੂੰ ਅੰਗ੍ਰੇਜ਼ ਸਰਕਾਰ ਨੇਂ ੨੮੨੭੨ ਏਕੜ ਜ਼ਮੀਨ ਜ਼ਿਲਾ ਮਿੰਟਗੁਮਰੀ ਵਿਚ ਦਿਤੀ ਸੀ ਤੇ ਉਸ ਨੂੰ ਸਰ ਦਾ ਖਿਤਾਬ ਵੀ ਦਿਤਾ ਸੀ । ਖੇਮ ਸਿੰਘ ਬੇਦੀ ਖੁਲੇਆਮ ਕਿਹਿੰਦਾ ਸੀ , ਸਿਖ ਹਿੰਦੂ ਹਨ, ਗੁਰੂ ਗ੍ਰੰਥ ਸਾਹਿਬ ਹਿੰਦੂਆਂ ਦਾ ਪੰਜਵਾਂ ਵੇਦ ਹੈ, ਜਿਸ ਵਿਚ ਵੇਦਾਂਤ ਤੇ ਉਪਨਿਸ਼ਦਾਂ ਦਾ ਸਾਰ ਹੈ । ਬਾਬਾ ਖੇਮ ਸਿੰਘ ਬੇਦੀ ਅਪਨੇ ਆਪ ਨੂੰ ਸਿਖਾਂ ਦਾ ਪੰਦਰਵਾਂ ਗੁਰੂ ਅਖਵਾਂਉਂਦਾ ਸੀ । ੧੯੩੬/੪੫ ਵਾਲੀ ਰਹਿਤ ਮਰਯਾਦਾ ਤਿਆਰ ਕਰਣ ਵਿਚ ਖੇਮ ਸਿੰਘ ਬੇਦੀ ਦੀ ਸਿਖ ਮਤ ਵਿਰੁਧ ਭੂਮਿਕਾ ਮਹਤਵ ਪੂਰਣ ਸੀ ।
ਦਾਸ ਦੀ ਵਿਚਾਰ

ਅਕਾਲ ਤਖਤ ਪਰਵਾਨਿਤ ੧੯੩੬/੪੫ ਵਾਲੀ ਰਹਿਤ ਮਰਯਾਦਾ ਤੇ ਖੰਡੇ ਦੀ ਪਾਹੁਲ ਦਾ ਮੂਲ ਦੁਸ਼ਮਣਾਂ ਦਾ ਲਿਖਵਾਇਆ ਦਸਮ ਗ੍ਰੰਥ, ਤੇ ਪੁਰਾਤਨ ਸਿਖ ਇਤਿਹਾਸ ਸੀ ਜਿਸ ਨੂੰ ਲਿਖਨ ਵਾਲੇ ਸਿਖ ਧਰਮ ਦੇ ਦੁਸ਼ਮਣ ਸਨ ।
ਇਸ ਜਾਣਕਾਰੀ ਤੋਂ ਬਾਦ ਸਾਡਾ ਸਵਾਲ ਹੈ ਕੀ ਗੁਰਸਿਖ, 'ਗੁਰੂ ਗ੍ਰੰਥ ਸਾਹਿਬ ਵਿਰੁਧ' ਇਤਿਹਾਸ ਤੇ ਰਹਿਤ ਮਰਯਾਦਾ ਉਪਰ ਅਮਲ ਕਰੀ ਜਾਣ ਜੋ ਸਾਨੂੰ ਨਿਤ ਦੇਵੀ ਦੇਵਤਿਆਂ ਦੀ ਅਰਾਧਨਾਂ ਤੇ ਮਜਬੂਰ ਕਰਦੀ ਹੈ ? ਸਿਖ ਪੰਥ ਅਣਜਾਣੇ ਵਿਚ ਪਿਛਲੇ ੭੦ ਸਾਲ ਤੋਂ ਇਸ ਭੁਲ ਦਾ ਸ਼ਿਕਾਰ ਰਿਹਾ ਹੈ । ਜੇ ਅਸੀਂ ਸਚਾਈ ਨੂੰ ਪਛਾਣ ਕੇ ਵੀ ਰਹਿਤ ਮਰਯਾਦਾ ਨੂੰ ਮਣਦੇ ਰਹੀਏ ਤਾਂ ਅਸੀਂ ਸਚੇ ਤੇ ਸਦਾ ਸਤ, 'ਗੁਰੂ ਗ੍ਰੰਥ ਸਾਹਿਬ' ਤੋਂ ਨਾਤਾ ਤੋੜਨ ਦੇ ਦੋਸ਼ੀ ਹਾਂ ।

ਇਸ ਮੁਖ ਬੰਧ ਤੋਂ ਬਾਦ ਦਾਸ ਅਪਨੀਂ ਪੇਸ਼ਕਾਰੀ ਸ਼ੁਰੂ ਕਰਦਾ ਹੈ ।

**ਪਾ ੧੦: ਸਨ ੧੭੦੮ ਵਿਚ ਜੋਤੀ ਜੋਤਿ ਸਮਾਏ ਸਨ ।ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਤੇ ਹੋਰ ਅਨੇਕਾਂ ਰਹਿਤਨਾਮੇ ਤੇ ਪੁਰਾਤਨ ਜਨਮ ਸਾਖੀਆਂ ਇਸ ਤੋਂ ੫੦/੬੦ ਸਾਲ, ਜਾਂ ਇਸਤੋਂ ਹੋਰ ਸਮੇਂ ਬਾਦ ਲਿਖੀਆਂ ਗਈਆਂ, ਇਹ ਪਾ: ੧੦ ਕ੍ਰਿਤ ਨਹੀਂ ਸਨ ਤੇ ਇਨ੍ਹਾਂ ਨੂੰ ਲਿਖਨ ਵਾਲੇ ਸਿਖ ਨਹੀਂ ਸਨ।ਇਹ ਪੁਸਤਕਾਂ ਹਿੰਦੂ ਸੰਸਥਾਵਾਂ ਤੇ ਅੰਗ੍ਰੇਜ਼ ਹੁਕਮਰਾਨਾਂ ਨੇ ਲਿਖਵਾਈਆਂ ।**

**ਵਿਚਾਰ ਗੋਸ਼ਟੀ ਲਈ ਤਥ**

**ਅਜਕਲ,(੧) ਦਸਮ ਗ੍ਰੰਥ ਨੂੰ ਪਾ:੧੦ ਦੀ ਬਾਣੀ ਮੰਣਨ ਵਾਲੇ ਗੁਰਸਿਖਾਂ ਤੇ**
**(੨) ਦਸਮ ਗ੍ਰੰਥ ਨੂੰ ਬੇਦ ਬਾਣੀ ਤੇ ਅਧਾਰਿਤ ਤੇ ਦੇਵੀ ਦੇਵਤਿਆਂ ਦੀ ਅਰਾਧਨਾਂ ਵਾਲਾ ਗ੍ਰੰਥ ਸਾਬਤ ਕਰਨ ਵਾਲੇ ਬੁਧੀ ਜੀਵਿਆਂ ਦੀ ਵਿਚਾਰ ਗੋਸ਼ਟੀ ਲਈ ਦੋਵੇਂ ਧਿਰਾਂ ਰਾਜ਼ੀ ਹਨ ।**

**ਇਹ ਪਰਚਾ ਦਾਸ ਨੇ ਦੋਹਾਂ ਧਿਰਾਂ ਨੂੰ ਤਥਾਂ ਦੀ ਜਾਣਕਾਰੀ ਦੇਨ ਲਈ ਲਿਖਿਆ ਹੈ । ਆਸ ਕਰਦਾ ਹਾਂ ਦੋਨੋਂ ਧਿਰਾਂ ਇਸ ਗਲ ਤੇ ਸਹਮਤ ਹਨ ਕਿ ਨਿਰਣਿਆਂ ਦਾ ਅਧਾਰ ਗੁਰਬਾਣੀ ਉਪਦੇਸ਼ ਨੂੰ ਬਨਾਉਣਾ ਹੈ,ਅਖਉਤੀ ਸਿਖ ਇਤਿਹਾਸ ਤੇ ਸਾਡੀ ਅਜ ਦੀ ਰਹਿਤ ਮਰਯਾਦਾ ਨਿਰਣਿਆਂ ਦਾ ਅਧਾਰ ਨਹੀਂ ਹੋ ਸਕਦੀ ।**
**ਜੇ ਅਸੀਂ ਦਸਮ ਗ੍ਰੰਥ ਦੀ ਅਸਲੀਅਤ ਸਭ ਗੁਰਸਿਖਾਂ ਨੂੰ ਸਮਝਾ ਦੇਈਏ ਤੇ ਇਸ ਗ੍ਰੰਥ ਨੂੰ ਸਿਖ ਪੰਥ ਤੋਂ ਖਾਰਜ ਵੀ ਕਰ ਦੇਈਏ, ਤਾਂ ਭੀ ਸਰਬ ਲੋਹ ਗ੍ਰੰਥ, ਰਹਿਤਨਾਮੇਂ ਤੇ ਜਨਮ ਸਾਖੀਆਂ ਸਿਖ ਧਰਮ ਨਾਲ ਜੁੜੀਆਂ ਰਹਿਨ ਕਰਕੇ ਗੁਰਸਿਖ, ਰਹਿਤ ਮਰਯਾਦਾ ਸਦਕਾ, ਬੇਦ ਮਤ ਦੀਆਂ ਬਾਣੀਆਂ ਪੜ੍ਹਦੇ ਰਹਿਣਗੇ ਤੇ ਦੇਵੀ ਦੇਵਤਿਆਂ ਦੀ ਅਰਾਧਨਾਂ ਕਰਦੇ ਰਹਿਣਗੇ। ਇਸ ਲਈ ਸਮੁਚੇ ਅਖੌਤੀ ਸਿਖ ਇਤਿਹਾਸ ਦੀ ਅਸਲੀਅਤ ਨੂੰ ਸਮਝਣਾਂ ਗੁਰਸਿਖਾਂ ਲਈ ਜ਼ਰੂਰੀ ਹੈ ।**

## ਗੁਰਸਿਖਾਂ ਦੇ ਅਜ ਦੇ ਵਿਸ਼ਵਾਸ

ਇਸ ਸਮੇਂ ੧੯੩੬/੪੫ ਦੀ ਰਹਿਤ ਮਰਯਾਦਾ ਤੇ ਖੰਡੇ ਦੀ ਪਾਹੁਲ ਬਹੁਤ ਚਰਚਾ ਵਿਚ ਹਨ । ੯੯ਵੇਂ ਫੀ ਸਦੀ ਤੋਂ ਵਧ ਸਿਖ ਸੰਪਰਦਾਵਾਂ ਤੇ ਸੰਤ ਸਮਾਜ ਅਜੇ ਤਕ ਦਸਮ ਗ੍ਰੰਥ ਨੂੰ ਪਾ ੧੦ ਕ੍ਰਿਤ ਮੰਨਦੇ ਹਨ, ਤੇ ਸਮਝਦੇ ਹਨ ਕਿ ੧੯੩੬ ਵਿਚ ਬਣੀਂ ਸਿਖ ਰਹਿਤ ਮਰਯਾਦਾ ਵਿਚ ਪਾ: ੧੦ ਦੇ ਹੁਕਮ ਹਨ, ਇਸ ਲਈ ਇਸ ਰਹਿਤ ਮਰਯਾਦਾ ਤੇ ਚਲਨਾਂ, ਸਿਖਾਂ ਲਈ ਜ਼ਰੁਰੀ ਹੈ ।ਅਸਲੀਅਤ ਇਹ ਹੈ ਕਿ ਸਾਡੀ ਰਹਿਤ ਮਰਯਾਦਾ ਦਾ ਸਿਰਫ ਉਹ ਹਿਸਾ ਗੁਰੂ ਹੁਕਮਾਂ ਅਨੁਸਾਰ ਹੈ ਜੋ ਗੁਰਬਾਣੀ ਦੇ ਹੁਕਮਾਂ ਤੋਂ ਲਿਆ ਹੈ, ਬਾਕੀ ਹਿਸਾ ਸਿਖ ਧਰਮ ਦੇ ਵਿਰੋਧੀ ਬੇਦ ਮਤ ਤੇ ਅਧਾਰਿਤ ਅਖੌਤੀ ਪੁਰਾਤਨ ਸਿਖ ਇਤਿਹਾਸ ਤੋਂ ਲਿਆ ਗਿਆ ਹੈ । ਗੁਰੂ ਜੀ ਦੀ ਕਿਰਪਾ ਨਾਲ ਜਿਉਂ ਜਿਉਂ ਗੁਰਸਿਖ ਨਵੀਂ ਖੋਜ ਤੇ ਤਥਾਂ ਨੂੰ ਗੁਰਬਾਣੀ ਦੀ ਕਸੌਟੀ ਤੇ ਪਰਖ ਰਹੇ ਹਨ, ਉਹ ਭੀ ਇਹਨਾਂ, ਸਿਖ ਮਤ ਵਿਰੁਧ ਲਿਖਵਾਈਆਂ ਕੂੜੀਆਂ ਪੁਸਤਕਾਂ ਦੀ ਅਸਲੀਅਤ ਨੂੰ ਸਮਝਣ ਲਗੇ ਹਨ ।ਕੀ ਗੁਰਸਿਖ ਬ੍ਰਾਹਮਨੀ ਰਹਿਤ ਮਰਯਾਦਾ ਨੂੰ ਮੰਨਦੇ ਰਹਿਣ ਤੇ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਤਲਾਂਜਲੀ ਦੇ ਦੇਣ ।

## ਭਵਿਖ ਵਿਚ ਸਿਖਾਂ ਦੇ ਦੋ ਧੜਿਆਂ ਵਿਚ ਵੰਡੇ ਜਾਣ ਦਾ ਖਦਸ਼ਾ

**ਪਹਿਲਾ ਧੜਾ** ਉਹ ਹੋਵੇਗਾ ਜੋ ਕੇਵਲ ਗੁਰੂ ਨਾਨਕ ਸਾਹਿਬ ਤੋਂ ਲੈਕੇ ਗੁਰੂ ਗੋਬਿੰਦ ਸਿੰਘ ਤਕ, ਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਰਹਿਣਗੇ ਤੇ ਕਿਸੇ ਹੋਰ ਗ੍ਰੰਥ ਨੂੰ ਮਾਨਿਅਤਾ ਨਹੀਂ ਦੇਣਗੇ ।

ਦੂਜਾ ਧੜਾ ਉਹ ਹੋਵੇਗਾ ਜੋ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ, ਦਸਮ ਗ੍ਰੰਥ ਤੇ ਸਰਬ ਲੋਹ ਗ੍ਰੰਥ ਨੂੰ ਵੀ ਗੁਰੂ ਮੰਨੇਗਾ । ਦਾਸ ਤੁਹਾਡਾ ਧਿਆਨ ਵੈਬਸਾਈਟ www.sarabloh.info ਵਲ ਦੁਆਉਣਾ ਚਾਹੁੰਦਾ ਹੈ । ਇਸ ਵੈਬਸਾਇਟਿ ਅਨੁਸਾਰ ਸਿਖਾਂ ਦੇ ਤਿੰਨ ਪੂਜਨੀਕ ਗ੍ਰੰਥ ਹਨ, ਆਦਿ ਗੁਰੂ ਦਰਬਾਰ, ਦਸਮ ਗੁਰੂ ਦਰਬਾਰ ਤੇ ਸਰਬ ਲੋਹ ਦਰਬਾਰ । ਇਹ ਅਪਨੇ ਆਪ ਨੂੰ ਸਨਾਤਨੀਂ ਸਿਖ ਕਹਿੰਦੇ ਹਨ ਤੇ ਸਨਾਤਨੀਂ ਸਿਖਾਂ ਵਿਚ ਉਦਾਸੀਆਂ, ਨਿਰਮਲਿਆਂ, ਸੇਵਾ ਪੰਥੀਆਂ ਤੇ ਨਿਹੰਗਾਂ ਨੂੰ ਗਿਣਦੇ ਹਨ । ਆਰ ਸੈਸ ਐਸ ਦੀ ਬਣਾਈ ਰਾਸ਼ਟ੍ਰੀਆ ਸਿਖ ਸੰਗਤ ਵੀ ਇਸ ਧੜੇ ਵਿਚ ਸ਼ਾਮਲ ਹੈ । ਹਿੰਦੂ ਧਰਮ ਦੀ ਆਰ ਐਸ ਐਸ RSS ਗੁਰਸਿਖਾਂ ਨੂੰ ਗੁਮਰਾਹ ਕਰ ਰਹੀ ਹੈ ਤੇ ਕਹਿ ਰਹੀ ਹੈ ਕਿ ਸਿਖ ਭੀ ਹਿੰਦੂ ਹਨ ।ਗੁਰਰਸਿਖਾਂ ਲਈ ਨਿਰਣਾਂ ਗੁਰਬਾਣੀ ਕਰਦੀ ਹੈ । ਗੁਰਬਾਣੀ ਕਹਿੰਦੀ ਹੈ "ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥ ਅੰਧੇ ਗੁੰਗੇ ਅੰਧ ਅੰਧਾਰੁ ॥ਪਾਥਰੁ ਲੇ ਪੂਜਹਿ ਮੁਗਧ ਗਵਾਰ ॥ ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥ ਪੰਨਾ ੫੫੬ ॥ ਕੀ ਅਸੀਂ ਗੁਰਬਾਣੀ ਹੁਕਮਾਂ ਅਨੁਸਾਰ ਅਡ ਤੇ ਸੁਤੰਤਰ ਸਿਖ ਧਰਮ ਵਿਚ ਰਹੀਏ ਜਾਂ ਹਿੰਦੂ ਕਹਾਈਏ?

ਕੀ ਅਸੀਂ ਦੇਵਤਿਆਂ ਨੂੰ ਪੂਜਦੇ ਰਹੀਏ । ਗੁਰੂ ਜੀ ਦਾ ਹੁਕਮ ਹੈ। ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੁਡਹਿ ਤੇਹਿ ॥ ੬੩੭/੫ ॥ ਗੁਰਬਾਣੀ ਹਿੰਦੂ ਧਰਮ ਗ੍ਰੰਥਾਂ ਬਾਰੇ ਕਹਿੰਦੀ ਹੈ ਬੇਦ ਬਾਣੀ ਨੂੰ ਅਕਾਲ ਪੁਰਖ ਪਾਰਬ੍ਰਹਮ ਦਾ ਗਿਆਨ ਨਹੀਂ, ਬੇਦ ਬਾਣੀ ਕੇਵਲ ਤ੍ਰੈ ਗੁਣ ਮਾਇਆ ਦੀ ਵਿਚਾਰ ਕਰਦੀ ਹੈ, ਬੇਦਬਾਣੀ ਨੂੰ ਮੰਣਨ ਵਾਲੇ ਜਨਮ ਮਰਨ ਦੇ ਗੇੜ ਵਿਚ ਰਹਿੰਦੇ ਹਨ ।"ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ" ॥ ਪਨਾ ੨੩੦ ॥

ਸਿਮ੍ਰਿਤਿ ਸਾਸਤ ਅੰਤੁ ਜਾਣੈ ॥ ਮੂਰਖ ਅੰਧਾ ਤਤੁ ਨ ਪਛਾਣੈ ॥ ਪਨਾ ੧੦੬੧ ॥ (ਸਿਮ੍ਰਿਤਿ ਸਾਸਤਰਾਂ ਨੂੰ ਮੰਨਣ ਵਾਲਾ ਮੂਰਖੁ ਅੰਧਾ ਹੈ ਉਸ ਨੂੰ ਤਤੁ ਅਸਲੀਅਤ, ਅਕਾਲ ਪੁਰਖ ਦੀ ਪਛਾਣ ਨਹੀਂ)

ਗੁਰਬਾਣੀ ਉਪਦੇਸ਼ ਉਤੇ ਅਮਲ ਕਰਨ ਵਾਲੇ ਗੁਰਸਿਖ ਜਨਮ ਮਰਨ ਦੇ ਗੇੜ ਵਿਚੋਂ ਨਿਕਲ ਜਾਂਦੇ ਹਨ, '॥ਬ੍ਰਹਮ ਗਿਆਨੀ ਸਦ ਜੀਵੈ ਨਹੀਂ ਮਰਤਾ' ॥ ਪਨਾ ੨੭੩ ॥

ਗੁਰਬਾਣੀ ਗੁਰਸਿਖਾਂ ਨੂੰ, ਬੇਦ ਬਾਣੀ ਨੂੰ ਮੰਨਣ ਤੇ ਦੇਵੀ ਦੇਵਤਿਆਂ ਦੀ ਪੂਜਾ ਅਰਾਧਨਾਂ ਕਰਨ ਤੋਂ ਵਰਜਦੀ ਹੈ ।'ਮਾਈ ਰੀ ਆਨ ਸਿਮਰਿ ਮਰਿ ਜਾਂਹਿ'॥ ਪਨਾ ੧੨੨੫ ॥ "ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥ ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ" ॥ ਪਨਾ ੫੯੦ ॥

ਬੇਦ ਬਾਣੀ ਤੇ ਦੇਵੀ ਦੇਵਤਿਆਂ ਨੂੰ ਅਰਾਧਨ ਵਾਲੇ ਸਿਖ ਕਹਾਉਨ ਵਾਲੇ ਅਖੌਤੀ ਸਿਖ ਬਨ ਕੇ ਰਹ ਗਏ ਹਨ । ਗੁਰਬਾਣੀ ਅਨੁਸਾਰ ਦੇਵੀ ਦੇਵਤਿਆਂ ਨੂੰ ਮਣਨ ਵਾਲੇ ਜਨਮ ਮਰਨ ਦੇ ਗੇੜ ਵਿਚੋਂ ਨਹੀਂ ਨਿਕਲ ਸਕਦੇ ।

ਅਸੀਂ ਹਰ ਕੋਸ਼ਿਸ਼ ਕਰਾਂਗੇ ਕਿ ਵਿਚਾਰ ਗੋਸ਼ਟੀਆਂ ਕਰ ਕੇ ਦੂਜੇ ਧੜੇ ਨੂੰ ਅਸਲੀਅਤ ਦੀ ਪਛਾਣ ਕਰਾ ਸਕੀਏ ।

## ੧੯੩੬/੪੫ ਵਾਲੀ ਸਿਖ ਰਹਿਤ ਮਰਯਾਦਾ

੧੯੩੬/੪੫ ਵਾਲੀ ਰਹਿਤ ਮਰਯਾਦਾ ਸਾਡੇ ਬਜ਼ੁਰਗ ਬੁਧੀ ਜੀਵਿਆਂ ਨੇ ਇਸ ਗ਼ਲਤ ਵਿਸ਼ਵਾਸ਼ ਵਿਚ ਬਣਾਈ ਕਿ ਉਪਰ ਲਿਖੇ ਗ੍ਰੰਥ ਤੇ ਪੁਸਤਕਾਂ ਪਾ: ੧੦ ਕ੍ਰਿਤ ਹਨ ਜਾਂ ਗੁਰਸਿਖਾਂ ਨੇ ਲਿਖੇ ਹਨ ।ਇਸ ਰਹਿਤ ਮਰਯਾਦਾ ਸਦਕਾ ਅਜ ਗੁਰਸਿਖ ਪ੍ਰਿਥਮ ਭਗਉਤੀ ਸਿਮਰ ਕੈ ਵਾਲੀ ਅਰਦਾਸ ਕਰਦੇ ਹਨ, ਤੇ ਭਗਉਤੀ ਦੇਵੀ ਨੂੰ ਸਿਮਰਦੇ ਹਨ, ਨਿਤ ਨੇਮ ਦੀਆ ਬਾਣੀਆਂ ਤੇ ਕੀਰਤਨੀ ਪੋਥੀਆਂ ਰਾਹੀਂ ਗੁਰਬਾਣੀ ਹੁਕਮਾਂ ਵਿਰੁਧ, ਦੇਵੀ ਦੇਵਤਿਆਂ ਦੀ ਉਸਤਤ ਤੇ ਆਰਾਧਨਾਂ ਕਰ ਰਹੇ ਹਨ ।ਇਹ ਬੇਮੁਖਤਾਈ ਦੀਆਂ ਨਿਸ਼ਾਨੀਆਂ ਹਨ ।ਸਚਾਈ ਪਛਾਣੀਏ ਤਾਂ ਅਜ ਸਭ ਗੁਰਸਿਖਾਂ ਨੂੰ ਰਹਿਤ ਮਰਯਾਦਾ ਨੇਂ ਸਨਾਤਨੀਂ ਸਿਖ ਬਣਾ ਦਿਤਾ ਹੈ । ਸਿਰਫ 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਮੰਣਨ ਵਾਲੇ ਵਿਰਲੇ ਹਣ ।
ਦਸਮ ਗ੍ਰੰਥ, ਤੇ ਸਰਬ ਲੋਹ ਗ੍ਰੰਥ ਨੇ ਬ੍ਰਾਹਮਨੀ ਕਲਪਨਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਮਿਥਿਆ ਸਰੂਪ ਘੜਿਆ ਜੋ ਕਾਲ, ਮਹਾਂਕਾਲ, ਭਗਉਤੀ, ਦੁਰਗਾ, ਚੰਡੀ, ਤੇ ਦੇਵੀ ਦੇਵਤਿਆਂ ਦੇ ਹੋਰ ਰੂਪਾਂ ਖੰਡਾ, ਕਿਰਪਾਨ, ਤੇ ਅਸਤਰਾਂ ਸ਼ਸਤਰਾਂ ਦੀ ਪੂਜਾ ਅਰਾਧਨਾਂ, **ਗੁਰੂ ਪੀਰ ਸਮਝ ਕੇ ਕਰਨ ਵਾਲਾ ਹੈ । ਗੁਰਸਿਖਾਂ ਦੇ ਗੁਰੂ , "ਦਸ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ" ਹਨ । ਅਸਤਰ ਸ਼ਸਤਰ ਸਚੇ ਗੁਰੂ ਗੋਬਿੰਦ ਸਿੰਘ ਦੇ ਗੁਰੂ ਪੀਰ ਨਹੀਂ । ਬੇਦ ਬਾਣੀ ਅਨੁਸਾਰ ਖੰਡਾ ਦੇਵੀ ਦਾ ਰੂਪ ਹੈ ਤੇ ਪੂਜਨ ਯੋਗ ਹੈ । ਖਤਰੀ ਅਸਤ੍ਰਾਂ ਸ਼ਸਤਰਾਂ ਦੀ ਪੂਜਾ ਕਰਦੇ ਹਨ । ਗੁਰਬਾਣੀ ਅਸਤਰਾਂ ਸ਼ਸਤਰਾਂ ਦੀ ਪੂਜਾ ਦਾ ਉਪਦੇਸ਼ ਨਹੀਂ ਦਿੰਦੀ, ਕੇਵਲ ਪੂਰੇ ਸਤਿਗੁਰੂ ਤੇ ਅਕਾਲ ਪੁਰਖ ਦੀ ਸਿਫਤ ਸਾਲਾਹ ਦਾ ਉਪਦੇਸ਼ ਦਿੰਦੀ ਹੈ ।** ਸਾਡੇ ਸਚੇ ਗੁਰੂ ਗੋਬਿੰਦ ਸਿੰਘ ਨੇ ਗੁਰਗਦੀ ਗੁਰੂ ਗ੍ਰੰਥ ਸਾਹਿਬ ਨੂੰ ਸਉਂਪੀ ਤੇ ਆਪ ਗੁਰਬਾਣੀ ਹੁਕਮਾਂ ਵਿਰੁਧ ਕੋਈ ਕਮ ਨਹੀਂ ਕਰ ਸਕਦੇ ਸਨ । ।
ਦਸਮ ਗ੍ਰੰਥ ਦਾ ਵਿਰੋਧ ਕਰਣ ਵਾਲੇ ਸਿਖ ਲੀਡਰਾਂ ਅਗੇ ਦਾਸ ਦੀ ਬੇਨਤੀ ਹੈ ਕਿ ਉਹ ਗ਼ਲਤੀ ਵਿਚ ਬਣੀਂ ਸਿਖ ਰਹਿਤ ਮਰਯਾਦਾ ਨੂੰ ਮਾਨਿਅਤਾ ਨਾਂ ਦੇਣ।ਅਸੀਂ ਉਪਰ ਵਿਚਾਰ ਕਰ ਚੁਕੇ ਹਾਂ ਕਿ ਇਹ ਰਹਿਤ ਮਰਯਾਦਾ ਸਿਖਾਂ ਕੋਲੋਂ ਦੇਵੀ ਦੇਵਤਿਆਂ ਦੀ ਪੂਜਾ ਕਰਾਉਂਦੀ ਹੈ ।ਸਾਡੀ ਵਿਚਾਰ ਤੇ ਸਿਖ ਧਰਮ ਦਾ ਆਧਾਰ ਸਚੀ ਗੁਰਬਾਣੀ ਹੈ ।

੧੨ ਦਿਸੰਬਰ ੨੦੦੯ ਨੂੰ ਅਮ੍ਰਿਤਸਰ ਵਿਚ ਸੰਤ ਸਮਾਜ, ਭਿੰਡਰਾਂਵਾਲਿਆਂ,ਤਖਤਾਂ ਦੇ ਜਥੇਦਾਰਾਂ ਆਦਿ ਨੇ ਇਕ ਬੈਠਕ ਕਰਕੇ ਐਲਾਨ ਕੀਤਾ ਕਿ ਸਾਰਾ ਦਸਮ ਗ੍ਰੰਥ ਪਾ: ੧੦ ਕ੍ਰਿਤ ਹੈ । ਉਹਨਾਂ ਇਹ ਵੀ ਕਿਹਾ ਕਿ ਦੂਜੀ ਧਿਰ ੩੦ ਦਿਨ ਦੇ ਅੰਦਰ ਅਸਥਾਨ ਤੇ ਤਾਰੀਖ ਮੁਕਰਰ ਕਰੇ, ਸਭ ਧਿਰਾਂ ਨੂੰ ਬੁਲਾ ਕੇ ਵਿਚਾਰ ਗੋਸ਼ਟੀ ਕਰੇ ਜੋ ਅਪਨਾ ਅਪਨਾ ਪਖ ਪੇਸ਼ ਕਰਨ ।
ਪਰਧਾਨ ਦਿਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਚਾਰ ਗੋਸ਼ਟੀ ਦਾ ਪ੍ਰਬੰਧ ਕਰਨ ਦੀ ਜ਼ਿਮੇਵਾਰੀ ਲੈਨ ਦਾ ਐਲਾਨ ਕਰ ਦਿਤਾ ਹੈ, ਉਮੀਦ ਹੈ ਉਹ ਜਲਦੀ ਤਾਰੀਖ ਮੁਕਰਰ ਦੇਣਗੇ ।

## ੧੯੩੬/੪੫ ਵਿਚ ਬਣੀਂ ਰਹਿਤ ਮਰਯਾਦਾ ਦੇ ਸ੍ਰੋਤ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਹੇਠ ਲਿਖੇ ਗ੍ਰੰਥ ਵੀ ਸਨ

ਦਸਮ ਗ੍ਰੰਥ
ਸਰਬ ਲੋਹ ਗ੍ਰੰਥ ਸ੍ਰੀ ਮੁਖਵਾਕ ਪਾ: ੧੦
ਅਨੇਕਾਂ ਰਹਿਤ ਨਾਮੇ ਤੇ
ਪੁਰਾਤਨ ਜਨਮ ਸਾਖੀਆਂ

ਇਹ ਸਭ ਅਖੌਤੀ ਸਿਖ ਇਤਿਹਾਸਕ ਪੁਸਤਕਾਂ ਪਾ ੧੦: ਦੇ ਜੋਤੀ ਜੋਤਿ ਸਮਾਉਨ ਤੋਂ ੬੦/੭੦ ਸਾਲ ਬਾਦ ਤੋਂ ਵਜੂਦ ਵਿਚ ਆਈਆਂ । ਇਹਨਾਂ ਪੁਸਤਕਾਂ ਦੇ ਲਿਖਾਰੀ, ਪਾ: ੧੦ ਜਾਂ ਗੁਰਸਿਖ ਨਹੀਂ ਸਨ । ਵਿਚਾਰ ਨੂੰ ਪੂਰੀ ਤਰ੍ਹਾਂ ਸਮਝਣ ਲਈ ਅਸੀਂ ਇਹਨਾਂ ਪੁਸਤਕਾਂ ਦੇ ਹਵਾਲੇ ਦਿੰਦੇ ਹਾਂ।

ਖੰਡੇ ਦੀ ਪਾਹੁਲ ਦਾ ਪਿਛੋਕੜ ਤੇ ਬ੍ਰਿਤਾਂਤ ਅਸੀਂ ਰਹਿਤਨਾਮਾ ਭਾਈ ਦਯਾ ਸਿੰਘ ਤੇ ਸਰਬ ਲੋਹ ਗ੍ਰੰਥ ਤੋਂ ਲੈਂਦੇ ਹਾਂ ।
ਰਹਿਤਨਾਮਾ ਭਾਈ ਦਯਾ ਸਿੰਘ
(ਲਿਖਣ ਵਾਲਾ ਭਾਈ ਦਯਾ ਸਿੰਘ ਦੀ ਥਾਂ ਕੋਈ ਬੇਨਾਮ ਲਿਖਾਰੀ ਹੈ )।
ਲਿਖਣ ਵਾਲਾ ਕਵੀ ਖੰਡੇ ਦੀ ਪਾਹੁਲ ਤਿਆਰ ਕਰਨ ਦਾ ਬ੍ਰਿਤਾਂਤ ਸੁਣਾਉਂਦਾ ਹੈ ।
**ਸ੍ਰੀ ਦਸਵੀਂ ਪਾਤਸ਼ਾਹੀ ਅਨੰਦ ਪੁਰ ਮੈਂ ਬੈਠੇ ਥੇ, ਦਯਾ ਸਿੰਘ ਪ੍ਰਸ਼ਨ ਕੀਆ ਜੁ ਮਹਾਰਾਜ ਜੀ, ਰਹਿਤਨਾਮਾ ਕਹੀਏ ਜਿਸ ਕੇ ਸੁਨਨੇ ਸੇ ਮੁਕਤਿ ਹੋਇ ।**
ਪਾ : ੧੦, ਦਾ ਉਤਰ – ਜਬ ਦੇਵੀ ਪ੍ਰਗਟ ਭਈ ਔਰ ਪਾਂਚ ਪਿਆਰੇ ਸਾਵਧਾਨ ਹੂਏ, ਤਬ ਸਬ ਦੇਵਤਾ ਆਏ। ੧ੴ ਸਤਿ ਨਾਮ ਉਪਦੇਸ਼ ਮੰਤ੍ਰ ਸ੍ਰੀ ਗੁਰੂ ਨਾਨਕ ਜੀ ਕੀ ਸ਼ਕਤਿ ਨੇ ਦੀਆ ਅਰ ਜੰਤ੍ਰ ਵਾਹਿਗੁਰੂ ਮੋਹਨ ਬਸੀਕਰਨ ਨੇ ਦੀਆ, ਤੰਤ੍ਰ ਜਲ ਅਮਰ ਬਰੁਣ ਵਾਸਤੇ ਚਿਤ ਦ੍ਰਿੜਤਾ ਦੇ ਦੀਆ, ਮਿਸ਼ਟਾਨ ਇੰਦਰ ਨੇ ਦੀਆ ਬੁਧੀ ਮੀਠੀ ਰਹਨ ਨਮਿਤ, ਅਰ ਲੋਹ ਪਾਤਰ ਯਮਰਾਜ ਅੰਮ੍ਰਿਤ ਪਾਵਣੇ ਨਿਮਿਤ ਦੀਆ ,ਸਰਬ ਲੋਹ ਕੀ ਕਰਦ ਕਾਲ ਜੀ ਦਈ, ਯੁਧ ਕੇ ਵਾਸਤੇ, ਕੇਸ ਚੰਡੀ ਜੀ ਦੀਏ, ਬਾਹਨੀ ਕਛ ਹਨੂ ਜੀ ਦਈ, ਜਪੁਜੀ ਮੁਕਤਿ ਕੋ ਪਾਠ ਦੀਆ, ਅਨੰਦ, ਚਿਤ ਸ਼ਾਤ ਲੀਏ ਗੁਰੂ ਅਮਰ ਜੀ ਦੀਨਾ,

ਅਕਾਲ ਪੁਰਖ ਕਾ ਅਵਤਾਰ ਪ੍ਰਗਟ ਕੀਆ ਖਾਲਸਾ । ਪੰਜ ਭੁਜੰਗੀ ਹੈ ਮਹਾ ਮੁਕਤੇ ਨਾਮ– ਰਾਮ ਸਿੰਘ, ਫਤਿਹ ਸਿੰਘ ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ , ਇਨਹੋਂ ਪਾਂਚੋਂ ਸਿੰਘੋਂ ਨੇ ਹਾਥ ਸੇ ਅੰਮ੍ਰਿਤ ਛਕਾ ਥਾ । ਜੋ ਗੁਰਦੇਵ ਅਮ੍ਰਿਤ ਛਕਾਨੇ ਵਾਲਾ ੧ ਸਤਗੁਣੀ ਨਿਰਲੋਭੀ ਸੁਕਦੇਵ ਹੈ, ਤਮਗੁਣੀ ਦੁਰਬਾਸਾ ਸਮ,ਕਾਮੀ ਰਾਜਨੀਤੀ ਕ੍ਰਿਸ਼ਨ ਤੁਲ,੪ ਮੋਹ ਜੁਗ ਕਰ ਵਸ਼ਿਸ਼ਟ ਸਰੂਪ, ਹੰਕਾਰੀ ਵਿਸ਼ਵਾ ਮਿਤ੍ਰ ੬, ਆਚਾਰੀ ਬਿਆਸ, ੭ ਸਮਾਧਿ ਸਿਥਿਤ ਕਪਿਲ ੮ ਭਿਖੁਯਕ ਜਾਗਵਲਿਕ, ੯ ਕਰਮਕਾਂਡੀ ਜੈਮਨਿ ਤੁਲ ੧੦, ਪਾਤੰਜਲੀ ਸ਼ੇਸ਼ ਤੁਲ ।( ਅਸੀਂ ਦੇਖਦੇ ਹਾਂ ਕਿ ਇਸ ਤਰੀਕੇ ਨਾਲ ਸਨਾਤਨ ਧਰਮ ਦੇ ਤਮੋਗੁਣੀ, ਕਾਮੀ, ਹੰਕਾਰੀ ਪਾਤਰ ਖੰਡੇ ਦੀ ਪਹੁਲ ਵਿਚ ਸ਼ਾਮਲ ਕੀਤੇ ਗਏ ਤੇ ਸਿਖਾਂ ਨੂੰ ਸਨਾਤਨੀ ਮਿਥਿਹਾਸ ਵਿਚ ਜੋੜਿਆ ਗਿਆ)

ਇਸੀ ਰਹਿਤਨਾਮੇ ਵਿਚ ਅੰਮ੍ਰਿਤ ਛਕਾਉਨ ਦੀ ਵਿਧੀ ਲਿਖੀ ਹੈ ।-- ਪੁਨਹ ਏਕ ਸਿੰਘ ਸਰਬਤ੍ਰ ਆਗਿਆ ਲੈ, ਹਥਿ ਮੈ ਕਟੋਰਾ, ਬਾਂਏਂ ਹਾਥ ਪਰ ਦਾਇਆਂ ਰਖ ਕੈ ਛਕੈ। ਵਹ ਕਹੈ- ਬੋਲੋ ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ । ਗੁਰਮੰਤ੍ਰ ਸਤਨਾਮ ਦੇ, ਰਹਿਤ ਦਸਨੀ ਨਾਮ ਰਖਨਾ(੧) ਸਵਾ ਰੁਪਯਾ ਤਨਖਾਹ, ਅਰਦਾਸ ਕਰਨੀ, ਉਸ ਕਾਲ ਸਭ ਰਲ ਕਰਿ ਛਕੈ ਪ੍ਰਸਾਦ ਕੜਾਹ, ਪੀਛੈ ਅਪਨੇ ਅਪਨੇ ਬਰਤਨ ਮੈਂ ਛਕੈ, ਅੰਮ੍ਰਿਤ ਛਕਾਵਨ ਵਾਲੇ ਗੁਰਦੇਵ ਕੋ ਬਸਤਰ ਸ਼ਸਤਰ ਕਰ ਪੂਜੇ । (ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸਿਖਾਂ ਨੂੰ ਕੇਸ ਅਕਾਲ ਪੁਰਖ ਦੀ ਦੇਨ ਹਨ ਸਿਖਾਂ ਨੂੰ ਕੇਸ ਚੰਡੀ ਨੇ ਨਹੀਂ ਦਿਤੇ ।)

ਗੁਰੂ ਗ੍ਰੰਥ ਸਾਹਿਬ ਵਿਚ ਖਾਲਸਾ ਅਖਰ ਸਿਰਫ ਇਕ ਬਾਰ ਭਗਤ ਕਬੀਰ ਨੇਂ ਪ੍ਰੇਮਾ ਭਗਤੀ ਕਰਕੇ ਮੁਕਤਿ ਹੋਇ ਗੁਰਸਿਖ ਲਈ ਵਰਤਿਆ ਹੈ ।

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ ੬੫੪

ਕੀ ਗੁਰੂ ਗ੍ਰੰਥ ਸਾਹਿਬ ਨੂ ਗੁਰੂ ਮੰਨਣ ਵਾਲੇ ,"ਪੂਰੇ ਗੁਰੂ ਤੇ ਅਕਾਲ ਪੁਰਖ ਪਾਰਬ੍ਰਹਮ" ਦੀ ਅਰਾਧਨਾਂ ਕਰਨ ਵਾਲੇ ਗੁਰਸਿਖ, ਰਹਿਤ ਨਾਮਿਆਂ ਨੂੰ ਪਾ ੧੦ ਦੇ ਹੁਕਮ ਮੰਨਣਗੇ ?। ਕੀ ਗੁਰਸਿਖ ਇਹਨਾਂ ਸ੍ਰੋਤਾਂ ਤੋਂ ਬਣੀ ਰਹਿਤ ਮਰਯਾਦਾ ਦੇ ਧਾਰਨੀਂ ਰਹਣਗੇ?

ਇਸ ਸਮੇ ਤਕ ਬੁਧੀ ਜੀਵਿਆਂ ਦੀ ਇਹ ਵਿਚਾਰ ਕਾਇਮ ਹੈ ਕਿ ਸਿਖੀ ਵਿਚ ਪਰਵੇਸ਼ ਕਰਨ ਲਈ ਖੰਡੇ ਦੀ ਪਾਹੁਲ ਬਨਾਉਣ ਦਾ ਵਿਧਾਨ ਕਾਇਮ ਰਖਿਆ ਜਾਵੇ ਪਰ ਪੜ੍ਹਨ ਵਾਲੀਆਂ ਬਾਣੀਆਂ ਗੁਰਬਾਣੀਂ ਤੋਂ ਲਈਆਂ ਜਾਣ । ਇਹ ਵਿਚਾਰ ਇਸ ਲਈ ਸਹੀ ਨਹੀਂ, ਕਿ ਸਾਡੇ ਬੁਧੀ ਜੀਵਿਆਂ ਨੇ ਨਹੀਂ ਪਛਾਣਿਆਂ ਕਿ ਖੰਡੇ ਦੀ ਪਾਹੁਲ ਦਾ ਮੂਲ ਦੇਵੀ ਪੂਜਨ ਹੈ ।ਇਸ ਤਰ੍ਹਾਂ ਤਿਆਰ ਕੀਤੀ ਪਾਹੁਲ ਵਿਚ ਦੇਵਤਿਆਂ ਦੀ ਬਿਖ ਹਮੇਸ਼ਾ ਰਹੇਗੀ ਤੇ ਸਿਖੀ ਵਿਚ ਪਰਵੇਸ਼ ਸਮੇਂ ਹੀ ਸਿਖਾਂ ਦੀ ਚੇਤਨਾਂ ਵਿਚ ਦੇਵਤੇ ਘੁਸ ਜਾਣਗੇ, ਇਸ ਤਰ੍ਹਾਂ ਸਿਖ ਅਣਜਾਣੇਂ ਹੀ ਸਨਾਤਨੀਂ ਬਣਦੇ ਰਹਿਣਗੇ । ਇਹ ਸਿਖੀ ਵਿਚ ਪਰਵੇਸ਼ ਦਾ ਵਿਧਾਨ ਗੁਰਬਾਣੀ ਅਨੁਸਾਰ ਨਹੀਂ ।ਸਿਖੀ ਵਿਚ ਪਰਵੇਸ਼ ਦੀ ਗੁਰਮਤਿ ਅਨੁਸਾਰ ਵਿਧੀ ਅਸੀਂ ਗੁਰਬਾਣੀਂ ਤੋਂ ਬਣਾ ਸਕਦੇ ਹਾਂ ।ਇਸ ਦਾ ਖਰੜਾ ਦਾਸ ਨੇ ਅਗੇ ਦਿਤਾ ਹੈ ।

ਖੰਡੇ ਦੀ ਪਾਹੁਲ ਦਾ ਮੂਲ ਦਸਮ ਗ੍ਰੰਥ ਤੋਂ ਇਲਾਵਾ, ਸਰਬ ਲੋਹ ਗ੍ਰੰਥ, ਰਹਿਤਾਮੇਂ ਤੇ ਜਨਮ ਸਾਖੀਆਂ ਵੀ ਹਣ ਇਸ ਲਈ ਇਹਨਾਂ ਸਭ ਦੀ ਜਾਣਕਾਰੀ ਹੋਣੀ ਲਾਜ਼ਮੀ ਹੈ । ਇਹਨਾਂ ਪੁਸਤਕਾਂ ਨੂੰ ਲਿਖਨ ਵਾਲੇ ਨਿਰਮਲੇ, ਉਦਾਸੀ ਤੇ ਹਿੰਦੂ ਸੰਸਥਾਵਾਂ ਦੇ ਇਸ਼ਾਰੇ ਤੇ ਲਿਖਣ ਵਾਲੇ ਲਿਖਾਰੀ ਸਨ। ਇਹ ਬੇਦ ਬਾਣੀ ਨੂੰ ਮੰਣਨ ਵਾਲੇ ਸਨ। ਇਹਨਾਂ ਨੇ ਕਿਹਾ ਗੁਰਬਾਣੀ ਦਾ ਮੂਲ ਬੇਦ ਬਾਣੀ ਹੈ, ਜਦਕਿ ਗੁਰਬਾਣੀ ਬੇਦ ਬਾਣੀ ਦਾ ਖੰਡਨ ਕਰਦੀ ਹੈ "ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥" ਪਨਾ ੪੨੩ ।

ਬ੍ਰਾਹਮਨ ਗੁਰੂ ਸ਼ੁਰੂ ਤੋਂ ਹੀ ਸਿਖ ਮਤ ਦਾ ਵਿਰੋਧੀ ਸੀ ਤੇ ਚਾਹੁੰਦਾ ਸੀ ਕਿ ਸਿਖ ਮਤ ਨੂੰ ਵੇਦ ਮਤ ਵਿਚ ਰਲਾ ਕੇ ਸਿਖੀ ਦਾ ਸੁਤੰਤਰ ਵਜੂਦ ਮਿਟਾ ਦਿਤਾ ਜਾਵੇ ।ਹਿੰਦੂ ਸੰਸਥਾਵਾਂ ਅਜ ਵੀ ਸਿਖ ਧਰਮ ਨੂੰ ਹਿੰਦੂ ਧਰਮ ਦਾ ਵਰਗ ਬਣਾਉਣ ਦੀ ਕੋਸਿਸ਼ ਵਿਚ ਲਗੀਆਂ ਹਨ ।

ਅਪਣੇ ਨੀਚ ਤੇ ਸ਼ਰਾਰਤੀ ਮਨਸੂਬਿਆਂ ਨੂੰ ਸਰੰਜਾਮ ਦੇਣ ਲਈ ਬ੍ਰਾਹਮਨ ਲਿਖਾਰੀਆਂ ਨੇ ਗੁਰੂ ਗੋਬਿੰਦ ਸਿੰਘ ਦਾ ਝੂਠਾ ਵਜੂਦ ਦੇਵੀ ਦੇਵਤਿਆਂ ਨੂੰ ਆਰਾਧਨ ਵਾਲਾ ਘੜਿਆ । ਐਸੇ ਗੁਰੂ ਗੋਬਿੰਦ ਸਿੰਘ ਨੇ ਦੇਵੀ ਨੂੰ ਮਨਾ ਕੇ ਤੇ ਉਸ ਤੋਂ ਅਭੈ ਦਾਨ ਲੈਕੇ ਖੰਡੇ ਦੀ ਪਾਹੁਲ ਬਣਾਈ। ਕੀ ਗੁਰਸਿਖ ਇਸ ਝੂਠੀ ਕਹਾਣੀਂ ਤੇ ਅਜੇ ਵੀ ਭਰੋਸਾ ਕਰਣਗੇ । ਐਸੇ ਬ੍ਰਾਹਮਨ ਦੇ ਮਨਘੜਤ ਪਾ:੧੦ ਨੇ ਸਿਖਾਂ ਵਿਚ ਖਾਲਸਾ ਸਾਜਿਆ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ ਦਾ ਸਿਖਾਂ ਲਈ ਜੰਗੀ ਨਾਰ੍ਹਾ ਘੜਿਆ, ਸਿਖਾਂ ਨੂੰ ਕਾਲ ਉਪਾਸ਼ਕ ਬਣਾਇਆ, ਸਿਖਾਂ ਵਿਚ ਵਖਰਾ ਛਤਰੀ ਧਰਮ ਬਣਾਇਆ ਭਗਉਤੀ ਨੂੰ ਸਿਖਾਂ ਦੀ ਮਾਤਾ ਬਣਾਇਆ ਆਦਿ ।ਇਸ ਸੰਦਰਵ ਵਿਚ ਦਾਸ ਨੇਂ ਸਰਬ ਲੋਹ ਗ੍ਰੰਥ ਵਿਚੋਂ ਹੇਠਾਂ ਉਧਾਰਨ ਦਿਤੇ ਹਨ ।

ਸਰਬ ਲੋਹ ਗ੍ਰੰਥ ਸ੍ਰੀ ਮੁਖਵਾਕ ਪਾ: ੧੦ ਵਿਚੋਂ ਉਧਾਰਨ ।

ਇਸ ਗ੍ਰੰਥ ਨੂੰ ਪਾ: ੧੦ ਕ੍ਰਿਤ ਮੰਨਿਆ ਜਾਂਦਾ ਹੈ। ਇਸ ਗ੍ਰੰਥ ਵਿਚ ਗੁਰੂ ਜੀ ਨੂੰ ਦੇਵੀ ਦੇਵਤਿਆਂ ਦਾ ਉਪਾਸ਼ਕ ਜਣਾਇਆ ਗਿਆ ਹੈ ।ਇਸ ਵਡੇ ਆਕਾਰ ਦੇ ਗ੍ਰੰਥ ਵਿਚ ਦੇਵੀ ਦੇਵਤਿਆਂ ਦੀ ਉਸਤਤਿ, ਤੇ ਦੈਂਤਾਂ ਨਾਲ ਯੁਧਾਂ ਦਾ ਵਰਣਨ ਹੈ ।ਇਸੀ ਗ੍ਰੰਥ ਵਿਚ ਖਾਲਸਾ ਸਾਜਨ ਦੀ ਕਹਾਨੀ ਬਣਾਈ ਗਈ ਹੈ ।ਅਸੀਂ ਗ੍ਰੰਥ ਦੇ ਮੰਗਲਾਚਰਣ ਤੋਂ ਸ਼ੁਰੂ ਕਰਦੇ ਹਾਂ ਜਿਸ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇਵੀ ਦੇਵਤਿਆਂ ਦੀ ਆਰਾਧਨਾਂ ਕਰ ਰਹੇ ਹਨ ।

ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥
ਸ੍ਰੀ ਭਵਾਨੀ ਜੀ ਸਹਾਇ, ਸ੍ਰੀ ਮਾਯਾ ਲਛਮੀ ਜੀ ਸਹਾਇ ॥
ਉਸਤਤਿ ਸ੍ਰੀ ਮਾਇਆ ਲਛਮੀ ਜੀ ਕੀ ॥
ਸ੍ਰੀ ਮੁਖਿਵਾਕ ਪਾਤਿਸ਼ਾਹੀ ੧੦ ॥
(ਇਸ ਸਾਰੇ ਗ੍ਰੰਥ ਵਿਚ ਦੇਵੀ ਦੇਵਤਿਆਂ ਦੀ ਉਸਤਤਿ ਹੈ, ਸੋਚੋ ਕੀ ਇਹ ਬਾਣੀ ਪਾ: ੧੦ ਰਚਿਤ ਹੈ?
)
ਦੋਹਿਰਾ ॥ ਛਾਯਾ ਰੂਪੀ ਹੋਇ ਕੈ ਬਿਚਰਤ ਸ੍ਰੀ ਗੋਪਾਲ ॥ ਆਪਹਿ ਲਛਮੀ ਬਪੁ ਧਰੇ, ਜਉ ਜੰਤੁ ਪ੍ਰਤਿਪਾਲ ॥ਸ੍ਰੀ ਮਾਇਆ ਮੁਖ ਕਰੋ ਉਚਾਰ ॥ਦਰਿਦਰ ਸਗਲ ਤੇ ਲੇਹੁ ਉਬਾਰਿ ॥
(ਪਾ: ੧੦ ਦੇ ਮੁਖ ਤੋਂ ਅਖਵਾਇਆ ਗਿਆ ਹੈ ਮੈ ਸ੍ਰੀ ਮਾਯਾ ਦਾ ਨਾਮ ਮੁਖ ਤੋਂ ਉਚਾਰਦਾ ਹਾਂ, ਤੁਸੀਂ ਅਪਨੇ ਸੇਵਕਾਂ ਨੂੰ ਸਭ ਦੁਖਾਂ ਤੋਂ ਉਬਾਰਿ ਲੈਂਦੇ ਹੋ ।)

ਦੋਹਿਰਾ ॥ ਆਦਿ ਭਵਾਨੀ ਈਸੁਰੀ ਮਾਯਾ ਜਾ ਕੋ ਨਾਮ ॥
ਇਨ ਬਿਨ ਸਰੈ ਨ ਏਕ ਛਿਨ ਪੂਰਨ ਹੋਤ ਨ ਕਾਮ ॥
ਸੁਖਦਾਇਕ ਮੰਗਲਕਰਨ, ਪ੍ਰਤਿਪਾਲੇ ਬਹੁ ਭਾਂਤਿ ॥
ਸੁਬੁਧਿ ਦੈਨ ਜੈ ਜੈ ਕਰਨਿ ਮਾਯਾ ਸ੍ਰੀ ਜਗਮਾਤਿ ॥

( ਪਾ :੧੦ ਦੇ ਮੁਖ ਤੋਂ ਅਖਵਾਇਆ ਹੈ, ਆਦਿ ਭਵਾਨੀ ਈਸਰੀ ਦਾ ਨਾਮ ਮਾਯਾ ਹੈ ।ਇਸ ਤੋਂ ਬਿਨਾ ਮੈ ਇਕ ਛਿਨ ਨਹੀ ਰਹਿ ਸਕਦਾ ਤੇ ਕੋਈ ਕਮ ਪੂਰਾ ਨਹੀਂ ਹੁੰਦਾ ।ਤੁਸੀਂ ਸੁਖ ਦਿੰਦੇ ਹੋ, ਹਰ ਤਰਾਂ ਪ੍ਰਤਿਪਾਲਨਾ ਕਰਦੇ ਹੋ ਤੁਹਾਡੀ ਜੈ ਜੈ ਕਾਰ ਹੋਵੇ, ਤੁਸੀਂ ਜਗਤ ਦੀ ਮਾਤਾ ਹੋ ।)

ਛਮੋ ਨਾਥ ਹਮਰੀ ਢੀਠਾਈ ॥ ਹਮ ਲਹੁਰੇ ਤੁਮ ਅਤਿ ਗੁਰੂਆਈ ॥
ਜੰਹ ਬਿਧਿ ਰਖਯਾ ਦੇਵਨ ਕਰੇ ॥ ਅਭਯ ਦਾਨ ਦੇ ਅਸੁਰਨ ਮਰੇ ॥
ਤਿਮ ਮੁਰ ਰਖਯਾ ਕਰਹੁ ਗੁਸਾਈਂ । ਮੈਂ ਆਯੋ ਤੁਮਰੀ ਸਰਨਾਈ ॥
ਦਾਸ ਗੁਬਿੰਦ ਫਤਹ ਨਰਹਰੀ ॥ਸਰਬ ਲੋਹ ਉਚਰਹੁ ਪਲ ਘਰੀ ॥
( ਪਾ; ੧੦ ਦੇ ਮੁਖੋਂ ਸਰਬਲੋਹ ਦੇਵਤਾ ਨੂੰ ਕਿਹਾ ਜਾ ਰਿਹਾ ਹੈ ਮੈਂ ਛੋਟਾ ਹਾਂ ਤੁਸੀਂ ਵਡੇ ਉਚੇ ਹੋ ਜਿਸਤਰਾਂ ਤੁਸੀਂ ਦੇਵਤਿਆਂ ਦੀ ਰਖਿਆ ਕੀਤੀ ਉਹਨਾਂ ਨੂੰ ਅਭਯ ਦਾਨ ਦਿਤਾ, ਜਿਸ ਨਿਡਰਤਾ ਕਰ ਕੇ ਦੇਵਤਿਆਂ ਨੇ ਅਸੁਰ ਮਾਰ ਦਿਤੇ, ਇਸ ਤਰਾਂ ਤੁਸੀਂ ਮੇਰੀ ਰਖਿਆ ਵੀ ਕਰੋ, ਮੈਨੂੰ ਅਭਯ ਦਾਨ ਦਿਉ, ਮੈ ਤੁਹਾਡੀ ਸਰਨ ਆਇਆ ਹਾਂ । ਦਾਸ ਗੁਬਿੰਦ ਨਰਹਰੀ ਦੀ ਫਤਹ ਕਹਿੰਦਾ ਹੈ ਸਰਬ ਲੋਹ ਦਾ ਨਾਮ ਹਰ ਵੇਲੇ ਉਚਾਰੋ ।)
ਕੀ ਗੁਰਸਿਖ ਇਸ ਰਚਨਾਂ ਨੂੰ ਸਚੇ ਗੁਰੂ ਗੋਬਿੰਦ ਸਿੰਘ ਦੀ ਲਿਖਤ ਮੰਨਣਗੇ?
ਇਸ ਰਚਨਾਂ ਅਨੁਸਾਰ ਤਤ ਖਾਲਸੇ ਦੀ ਸਾਜਨਾਂ ਕਿਵੇਂ ਹੋਈ ?

ਜੇ ਜੇ ਅਸੁਰ ਪ੍ਰਭੁ ਸੰਤਨ ਦ੍ਰੋਹੀ, ਹਰਿ ਮਾਰਗ ਮਹਿ ਬਿਘਨ ਕਰੰਤੇ ॥
ਤੇ ਤੇ ਦੁਸਟ ਪਛਾਰੇ ਸਤਿਗੁਰ, ਮਨਾਇ ਭਗਵਤੀ ਅਰੁ ਭਗਵੰਤੇ ॥
ਭੂਸਰ ਗੋ ਦ੍ਰੋਹੀ ਜੇ ਦੁਸਟਨ ਧਰਮ ਜੁਧ ਕਰ ਅਸੁਰ ਦਲ਼ੰਤੇ ॥
ਸੋਧ ਸੁਧਾਰ ਬਰਣ ਆਸਰਮ  ਕਓ, ਮਥ ਕਰਿ ਤਤ ਖਾਲਸੇ ਮੰਤੇ ॥
(ਜੋ ਜੋ ਅਸੁਰ ਭਾਵ ਮੁਸਲਮਾਨ ਸੰਤਾਂ ਦੇ ਦ੍ਰੋਹੀ ਸਨ, ਜੋ ਭਗਤੀ ਵਿਚ ਵਿਘਨ ਪਾਉਂਦੇ ਸਨ ਸਤਿਗੁਰ ਨੇ ਭਗਵਤੀ ਨੂੰ ਮਨਾ ਕੇ ਜਾਨੀ ਆਰਾਧਨਾਂ ਕਰਕੇ ਤੇ ਦੇਵੀ ਤੋਂ ਬਲ ਪ੍ਰਾਪਤ ਕੀਤਾ ਤੇ ਦੁਸਟ ਮੁਗਲਾਂ ਨੂੰ ਹਰਾ ਦਿਤਾ । ਸਤਿਗੁਰ ਨੇ ਗਊਆਂ ਦੇ ਦ੍ਰੋਹੀ ਅਸੁਰਾਂ ਨੂੰ ਧਰਮ ਯੁਧ ਕਰ ਕੇ ਦਲ ਦਿਤਾ । ਇਸਤਰਾਂ ਹਿੰਦੂਆਂ ਦੇ ਬਰਣ ਆਸਰਮ ਨੂੰ ਸੋਧ ਕੇ ਸਿਖਾਂ ਵਿਚ ਤਤ ਖਾਲਸਾ ਸਾਜਿਆ । ਤਤ ਖਾਲਸਾ ਹਿੰਦੂਆਂ ਦਾ ਖਤਰੀ ਵਰਗ ਹੈ)

ਪੰਥ ਖਾਲਸਾ ਭਯੋ ਪੁਨੀਤਾ, ਪ੍ਰਭ ਆਗਯਾ ਕਰਿ ਉਦਿਤ ਭਏ ॥
ਮਿਟਯੋ ਦਵੈਤ ਸੰਜੁਗਤਿ ਉਪਾਧਿਨਿ ਅਸੁਰ ਮਲੇਛਨ ਮੂਲ ਗਏ ॥
ਧਰਮ ਪੰਥ ਖਾਲਸ ਪ੍ਰਚੁਰ ਭਯੋ, ਸਤਿ ਸਿਵੰ ਪੁਨਯ ਰੂਪ ਜਏ ॥
ਕਛ ਕੇਸ ਕ੍ਰਿਪਾਨਨ ਮੁਦ੍ਰਿਤ ਗੁਰ ਭਗਤਾ ਰਾਮਦਾਸ ਭਏ ॥
ਕਾਲ ਉਪਾਸਕ ਛਤ੍ਰਿਯ ਧਰਮਾ, ਰਣ ਕਟਿ ਕਰਿ ਪ੍ਰਦਾਨ ਅਏ ॥
ਤਾ ਮਹਿ ਪੰਚ ਚਾਲਿਸ ਪ੍ਰਵਾਨਾਂ ਪੰਚ ਪ੍ਰਧਾਨ ਖਾਲਸਹਿ ਠਏ ॥
ਸ੍ਰੀ ਅਜੀਤ ਸਿੰਘ ਜੁਝਾਰ ਸਿੰਘ ਫਤਹ ਸਿੰਘ ਜੋਰਾਵਰ ਸਿੰਘ ਪ੍ਰਿਏ ॥

ਪੰਚਮ ਖਾਲਸਹ ਸਤਿਗੁਰ ਪੂਰਾ ਜਿਨ ਏ ਪੰਥ ਸੁਪੰਕ ਪ੍ਰਟਗਏ ॥
ਚਾਲਿਸ ਲਰ ਏ ਬੀਜ ਖਾਲ਼ਸਹ, ਮੁਕਤੇ ਪਾਵਨ ਸਿੰਘ ਬਲੀ ॥
ਮਾਤ ਭਗਵਤੀ ਪਿਤਾ ਕਾਲ ਪੁਰਖ, ਗੋਦ ਲਿਯੋ ਦੈ ਖਾਲ਼ ਪਲੀ ॥
( ਸਿਖ ਕਛ ਕੇਸ ਕ੍ਰਿਪਾਨ ਨਾਲ ਸਜੇ ਹਨ,( ਰਹਿਤ ਨਾਮਾ ਭਾਈ ਦਯਾ ਸਿੰਘ ਅਨੁਸਾਰ ਖੰਡੇ ਦੀ ਪਹੁਲ ਤਿਆਰ ਕਰਨ ਸਮੇ; ਹਾਜ਼ਰ ਦੇਵੀ ਦੇਵਤਿਆਂ ਨੇ ਸਿਖਾਂ ਨੂੰ ਕਕਾਰ ਦਿਤੇ ਸਨ ), ਖਾਲਸਾ ਕਾਲ/ਮਹਾਕਾਲ ਉਪਾਸ਼ਕ ਹੈ, ਖਾਲਸੇ ਦਾ ਛਤ੍ਰਿਯ ਧਰਮ ਹੈ ਖਾਲਸੇ ਦੀ ਮਾਤਾ ਭਗਵਤੀ ਹੈ ਪਿਤਾ ਕਾਲ ਪੁਰਖ ਹੈ। ਕੀ ਗੁਰਸਿਖ ਇਹਨਾਂ ਖਾਲਸੇ ਦੇ ਲਛਣਾਂ ਨੂੰ ਸਹੀ ਸਮਝਦੇ ਹਨ?
ਜੋ ਗੁਰਸਿਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ ਉਹਨਾਂ ਲਈ ਜ਼ਰੂਰੀ ਹੈ ਸਾਰੇ ਅਖੌਤੀ ਸਿਖ ਇਤਿਹਾਸ ਦੀ ਅਸਲੀਅਤ ਨੂੰ ਸਮਝਣ ।ਇਸ ਸਮੇ ਗੁਰਸਿਖ ਬੇਦ ਬਾਣੀ ਦੇਵੀ ਦੇਵਤਿਆਂ ਤੇ, ਹਿੰਦੂ ਸੰਸਕ੍ਰਿਤੀ ਦੀ ਦਲਦਲ ਵਿਚ ਧਸੇ ਹਨ ।ਸਿਖੀ ਦਾ ਪੁਨਰਨਿਰਮਾਣ ਕੇਵਲ ਗੁਰੂ ਗ੍ਰੰਥ ਸਾਹਿਬ ਉਤੇ ਪੂਰਨ ਵਿਸ਼ਵਾਸ ਲਿਆ ਕੀ ਹੀ ਹੋ ਸਕਦਾ ਹੈ ।ਅਸੀਂ ਗੁਰਸਿਖ ਹੀ ਰਹੀਏ ਤਾਂ ਅਸੀਂ ਸਿਖ ਮਤ ਵਿਚ ਜੀਉਂ ਸਕਦੇ ਹਾਂ ।ਸਿਖਾਂ ਵਿਚ ਖਾਲਸਾ ਕੂੜੇ ਅਖੌਤੀ ਸਿਖ ਇਤਹਾਸ ਦੀ ਦੇਨ ਹੈ ।ਸਾਡੇ ਸਚੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਨਹੀਂ ਸਾਜਿਆ

ਏਹਨਾਂ ਸਿਖ ਮਤ ਵਿਰੋਧੀ ਇਤਿਹਾਸਕ ਪੁਸਤਕਾਂ ਤੋਂ ਖੰਡੇ ਦੀ ਪਹੁਲ ਦਾ ਬ੍ਰਿਤਾਂਤ ਅਸੀਂ ਮੁੜ ਲਿਖਦੇ ਹਾਂ ।
ਗੁਰੂ ਗੋਬਿੰਦ ਸਿੰਘ ਨੇ ਨੈਣਾ ਦੇਵੀ ਦੇ ਮੰਦਰ ਵਿਚ ਦੇਵੀ ਪੂਜਾ ਕਰਕੇ, ਦੇਵੀ ਤੋਂ ਅਭਯ ਦਾਨ ਲਿਆ ਤੇ ਸ਼ਕਤੀ ਪ੍ਰਾਪਤ ਕੀਤੀ । ਇਸ ਤੋਂ ਬਾਦ ਹੁਕਮ ਨਾਮੇ ਭੇਜ ਕੇ ਸਿਖਾਂ ਨੂੰ ਭਾਰਤ ਦੇ ਕੋਣੇ ਕੋਣੇ ਤੋਂ ਵਿਸਾਖੀ ੧੬੯੯ ਵਾਲੇ ਦਿਨ ਪੁਜਨ ਦਾ ਆਦੇਸ਼ ਦਿਤਾ ।ਉਚੀ ਥਾਂ ਤੇ ਸ਼ਾਹਾਨਾਂ ਤੰਬੂ ਸਜਾਇਆ ਗਿਆ, ਨਾਲ ਹੀ ਬੜੀ ਸੁੰਦਰ ਸਟੇਜ ਸਜ ਰਹੀ ਸੀ । ੮੦,੦੦੦ ਤੋਂ ਵਧ ਸਿਖ ਗੁਰੂ ਜੀ ਦੇ ਦਰਸ਼ਨ ਲਈ ਬੇਤਾਬ ਸਨ। ਅਚਾਨਕ ਨੰਗੀ ਤਲਵਾਰ ਲੈ ਕੇ ਗੁਰੂ ਜੀ ਸਟੇਜ ਤੇ ਆਏ ਤੇ ਇਕ ਸਿਰ ਦੀ ਮੰਗ ਕੀਤੀ । ਇਕ ਸਿਖ ਨੇ ਗੁਰੂ ਜੀ ਵਿਚ ਸ਼ਰਧਾ ਤੇ ਹੁਕਮ ਮੰਨਣ ਦਾ ਸਬੂਤ ਦਿਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ, ਤੇ ਮੁੜ ਲਹੂ ਨਾਲ ਲਿਬੜੀ ਤਲਵਾਰ ਲਿਸ਼ਕਾਉਂਦੇ ਹੋਏ ਆ ਕੇ ਵਾਰੀ ਵਾਰੀ ਪੰਜ ਸਿਰਾਂ ਦੀ ਮੰਗ ਕੀਤੀ। ਇਹ ਨਹੀਂ ਕਿਹਾ ਜਾ ਸਕਦਾ ਕਿ ਗੁਰੂ ਜੀ ਨੇ ਸਿਖਾਂ ਦੇ ਸਿਰ ਕਟ ਕੇ ਉਹਨਾਂ ਨੂੰ ਦੁਰਗਾ ਦੀ ਸ਼ਕਤੀ ਨਾਲ ਜਾਂ ਅਪਨੀਂ ਸ਼ਕਤੀ ਨਾਲ ਮੁੜ ਜਿਵਾਇਆ ਜਾਂ ਉਹਨਾਂ ਨੇ ਪੰਜ ਬਕਰੇ ਝਟਕਾਏ । (ਬਲੀਆਂ ਦੇਨਾਂ ਸਨਾਤਨ ਧਰਮ ਦਾ ਅੰਗ ਹੈ, ਇਸ ਸਮੇਂ ਵਿਚ ਵੀ ਦੇਵੀ ਦੇ ਮੰਦਰਾਂ ਤੇ ਜਾਨਵਰਾਂ ਜਾਂ ਮਨੁਖ ਦੀਆਂ ਬਲੀਆਂ ਦਿਤੀਆਂ ਜਾਂਦੀਆਂ ਹਨ ।) ਪੁਸਤਕਾਂ ਤੋਂ ਉਪਜੇ ਗੁਰੂ ਗੋਬਿੰਦ ਸਿੰਘ ਬਲੀਆਂ ਦੇਨਾ, ਧਰਮ ਦਾ ਅੰਗ ਮੰਨਦੇ ਸਨ ।ਜ਼ਾਹਰ ਹੈ ਬ੍ਰਾਹਮਨ ਚਾਹੁੰਦਾ ਸੀ ਕਿ ਗੁਰਸਿਖ ਵੀ ਹਿੰਦੂਆਂ ਵਰਗੇ ਕਰਮ ਕਰਨ ਤੇ ਸਨਾਤਨ ਸੰਸਕ੍ਰਿਤੀ ਵਿਚ ਸ਼ਾਮਲ ਹੋ ਜਾਨ ।
ਅਸੀਂ ਹੁਣ ਪੂਰਨ ਵਿਸ਼ਵਾਸ਼ ਨਾਲ ਕਹ ਸਕਦੇ ਹਾਂ ਕਿ ਸਾਡੇ ਸਚੇ ਗੁਰੂ ਗੋਬਿੰਦ ਸਿੰਘ ਨੇ ਪਹਿਲੀਆਂ ਨੌਂ ਪਾਤਸ਼ਾਹੀਆਂ ਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਵਿਰੁਧ ਕੋਈ ਨਵੀਂ ਰਹਿਤ ਮਰਯਾਦਾ ਨਹੀਂ ਬਣਾਈ । ਖੰਡੇ ਦੀ ਪਹੁਲ, ਕਕਾਰ, ਪੰਜ ਪਿਆਰੇ, ਇਹਨਾਂ ਨੂੰ ਗੁਰੂ ਰੂਪ ਜਾਨ ਕੇ ਪੂਜਨਾਂ ਇਹਨਾਂ ਨੂੰ ਮਥੇ ਟੇਕਨਾਂ ਤੇ ਇਹਨਾਂ ਨੂੰ ਬਸਤਰ ਅਸਤਰ ਦੇ ਕੇ ਨਿਵਾਜਨਾਂ ਇਸ ਝੂਠੇ ਬ੍ਰਾਹਮਨੀ ਇਤਿਹਾਸ ਦੀ ਦੇਨ ਹੈ। ਇਹ

ਸਭ ਗੁਰਮਤਿ ਵਿਰੁਧ ਕਮ ਅਜ ਸਿਖ ਕਰ ਰਹੇ ਹਨ। ਕੀ ਇਸ ਕੂੜੇ ਇਤਿਹਾਸ ਦੀ ਅਸਲ਼ੀਅਤ ਨੂੰ ਗੁਰਸਿਖ ਸਮਝਣਗੇ ?

ਇਹ ਸਾਰਾ ਕੂੜਾ ਇਤਿਹਾਸ ਗੁਰਸਿਖਾਂ ਨੇਂ ਦਸਮ ਗ੍ਰੰਥ, ਸਰਬ ਲੋਹ ਗ੍ਰੰਥ, ਰਹਿਤ ਨਾਮਿਆਂ ਤੇ ਪੁਰਾਤਨ ਜਨਮ ਸਾਖੀਆਂ ਤੋਂ ਇਸ ਗ਼ਲਤ ਵਿਸ਼ਵਾਸ ਵਿਚ ਲਿਆ ਕਿ ਇਹ ਸਾਰੀਆਂ ਪੁਸਤਕਾਂ ਗੁਰੂ ਗੋਬਿੰਦ ਸਿੰਘ ਜੀ ਰਚਿਤ ਹਨ ਜਾਂ ਗੁਰਸਿਖਾਂ ਨੇਂ ਲਿਖੀਆਂ ਹਨ । ਸਾਡੇ ਬਜ਼ੁਰਗ ਬੁਧੀ ਜੀਵਿਆਂ ਤੇ ਪੰਥਕ ਸੰਸਥਾਂਵਾਂ ਨੇ ਵੀ ਸਾਡੀ ਰਹਿਤ ਮਰਯਾਦਾ ਇਸੇ ਗ਼ਲਤ ਵਿਸ਼ਵਾਸ ਵਿਚ ਬਨਾਈ ਸੀ । ਇਸ ਵਡੀ ਗ਼ਲਤੀ ਦਾ ਸੁਧਾਰ ਕਰਨਾ ਸਾਡਾ ਫਰਜ਼ ਹੈ । ਜੇ ਅਸੀਂ ਸੁਧਾਰ ਨਾਂ ਕਰਾਂਗੇ ਤਾਂ ਸਿਖ ਪੰਥ ਬੇਦ ਮਤ ਦੀ ਦਲਦਲ ਵਿਚ ਹੋਰ ਧਸ ਜਾਵੇਗਾ, ਤੇ ਕੁਝ ਬੁਧੀ ਜੀਵਿਆਂ ਦੀ ਪੇਸ਼ੀਨ ਗੋਈ ਕਿ ੧੦ ਸਾਲ ਬਾਦ ਕੋਈ ਸਿਖ ਨਹੀਂ ਰਹੇਗਾ ਸਚ ਹੋ ਜਾਵੇਗੀ ।

ਖੰਡੇ ਦੀ ਪਾਹੁਲ ਦੇ ਨਾਲ ਹੀ ਬ੍ਰਾਹਮਨ ਦੇ ਮਨ ਘੜਤ ਗੁਰੂ ਗੋਬਿੰਦ ਸਿੰਘ ਦੇ ਹੁਕਮ ਜੁੜੇ ਹਨ ਜਿਸਤਰਾਂ ਕਛ, ਕੰਘਾ, ਕੜਾ ਤੇ ਕਿਰਪਾਨ ਤੇ ਹੋਰ ਰਹਿਤਾਂ ।ਇਹਨਾਂ ਪੁਸਤਕਾਂ ਅਨੁਸਾਰ,ਨਾਮ ਬਦਲ ਕੇ ਸਿੰਘ ਵੀ ਉਦੋਂ ਹੀ ਰਖੇ ਗਏ।

ਇਹਨਾਂ ਪੁਸਤਕਾਂ ਅਨੁਸਾਰ ਖੰਡੇ ਦੀ ਪਾਹੁਲ ਪੰਜ ਭੁਜੰਗੀਆਂ ਜਾਂ ਪੰਜਾਂ ਪਿਆਰਿਆਂ ਨੂੰ ਛਕਾ ਕੇ , ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਤੋਂ ਪਹੁਲ ਲਈ ਤੇ ਨਾਮ ਗੋਬਿੰਦ ਸਿੰਘ ਰਖਾਇਆ ।

ਇਹ ਅਖੌਤੀ ਪੁਰਾਤਨ ਸਿਖ ਇਤਹਿਾਸ ਗੁਰੂ ਗੋਬਿੰਦ ਸਿੰਘ ਜੀ ਦੇ ੧੭੦੮ ਵਿਚ ਜੋਤੀ ਜੋਤਿ ਸਮਾਉਣ ਤੋਂ ਬਾਦ ਰਚਿਆ ਗਿਆ । ਪਿਆਰਾ ਸਿੰਘ ਪਦਮ ਦੀ ਪੁਸਤਕ ਰਹਿਤਨਾਮੇ ਵਿਚ ਇਹ ਸਾਰੀ ਜਾਣਕਾਰੀ ਦੇਖੀ ਜਾ ਸਕਦੀ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਗੁਰਬਾਣੀ ਵਿਚ ਦਿਤੀ ਰਹਿਤ ਮਰਯਾਦਾ ਤੋਂ ਅਡ ਕੋਈ ਰਹਿਤ ਮਰਯਾਦਾ ਨਹੀਂ ਬਣਾਈ ।ਇਹਨਾਂ ਗ੍ਰੰਥਾ ਪੁਸਤਕਾਂ ਤੋਂ ਬਣੀਂ ਰਹਿਤ ਮਰਯਾਦਾ ਤੇ ਅਮਲ ਕਰ ਕੇ ਗੁਰਸਿਖ ਪਿਛਲੇ ੭੦ ਸਾਲ ਤੋਂ ਦੇਵੀ ਦੇਵਤਿਆਂ ਦੀ ਆਰਾਧਨਾਂ ਕਰ ਰਹੇ ਹਨ । ਇਸ ਸਮੇਂ ਗੁਰਬਾਣੀਂ ਉਪਦੇਸ਼ ਹੁੰਦਿਆਂ ਵੀ ਸਿਖਾਂ ਦੇ ਮਨ ਚਿਤ ਵਿਚ ਦੇਵੀ ਦੇਵਤੇ ਤੇ ਵੈਦਕ ਸੰਸਕ੍ਰਤੀ ਕਮ ਕਰ ਰਹੀ ਹੈ। ਸਿਖ ਇਸ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਹੁਕਮਾਂ ਵਿਰੁਧ, ਦੋ ਬੇੜੀਆਂ ਵਿਚ ਪੈਰ ਰਖੀ ਬੈਠੇ ਹਨ ਤੇ ਸੰਸਾਰ ਸਾਗਰ ਤੋਂ ਪਾਰ ਹੋਨ ਦਾ ਕੋਈ ਰਾਹ ਨਹੀਂ ਬਚਿਆ । ਕੋਈ ਇਹਨਾਂ ਕੂੜੀਆਂ ਪੁਸਤਕਾਂ ਦੀ ਸਚਾਈ ਨੂੰ ਸਮਝਣ ਲਈ ਤਿਆਰ ਨਹੀਂ । ਸਿਖਾਂ ਦੀ brain washing/indoctrination ਦਾ ਇਲਾਜ ਕੇਵਲ ਗੁਰਬਾਣੀ ਨੂੰ ਗੁਰੂ ਮੰਨ ਕੇ ਤੇ ਗੁਰਬਾਣੀ ਤੋਂ ਸੇਧ ਲੈ ਕੇ ਹੀ ਕੀਤਾ ਜਾ ਸਕਦਾ ਹੈ ।

ਇਹਨਾਂ ਗ੍ਰੰਥਾਂ ਤੇ ਪੁਸਤਕਾਂ ਰਾਹੀਂ ਬ੍ਰਾਹਮਣ ਲਿਖਾਰੀ ਨੇ ਸਿਖ ਧਾਰਮਕ ਵਿਸ਼ਵਾਸ਼ਾਂ ਤੇ ਸੰਸਕ੍ਰਿਤੀ ਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ । ਬਚਿਤ੍ਰ ਨਾਟਕ ਹਿੰਦੂ ਧਰਮ ਗ੍ਰੰਥ ਹੈ ਇਸ ਵਿਚ ਸੰਸਾਰ ਰਚਨਾਂ ਹੋਨ ਦੇ ਸਮੇਂ ਤੋਂ ਦੇਵੀ ਦੇਵਤਿਆਂ, ਤੇ ਦੇਵਤਿਆਂ ਦੇ ਅਵਤਾਰਾਂ ਦੀਆਂ,ਰਿਸ਼ੀਆਂ ਦੀਆਂ ਲਿਖੀਆਂ ਮਨੋਕਲਪਿਤ ਕਹਾਣੀਆਂ ਹਨ । ਦਸਮ ਗ੍ਰੰਥ ਸਰਬ ਲੋਹ ਗ੍ਰੰਥ, ਰਹਿਤਨਾਮਿਆਂ ਤੇ ਪੁਰਾਤਨ ਜਨਮ ਸਾਖੀਆਂ ਨੇ ਬਚਿਤਰ ਨਾਟਕ ਜਿਹੀਆਂ ਮਿਥਿਹਾਸਕ ਨਾਟਕੀ ਕਹਾਨੀਆਂ ਵਿਚ ਇਤਿਹਾਸਕ ਸਿਖ ਗੁਰੂਆਂ ਦੀ ਸ਼ਖਸੀਅਤ ਨੂੰ ਜੋੜ ਦਿਤਾ, ਜਿਸਤਰ੍ਹਾਂ ਪਾ: ੧੦ ਨੇ ਪਿਛਲੇ ਜਨਮਾਂ ਵਿਚ ਮਹਾਂਕਾਲ ਦੀ ਆਰਾਧਨਾਂ ਕੀਤੀ, ਗੁਰੂ ਨਾਨਕ ਸਾਹਿਬ ਮਹਾਂਭਾਰਤ ਦੇ ਨਾਟਕੀ ਪਾਤਰਾਂ ਲਊ ਤੇ ਕੁਸ਼ ਦੀ ਔਲਾਦ ਵਿਚੋਂ, ਬੇਦੀ ਕੁਲ਼ ਵਿਚੋਂ ਸਨ, ਆਦਿ ।ਵਖ ਵਖ ਰਹਿਤਨਾਮਿਆਂ ਨੂੰ ਸਚ ਮੰਨਣ ਕਰਕੇ, ਸਿਖਾਂ ਵਿਚ

ਉਚੇ ਬੁੰਗੇ ਵਾਲੇ ਭੰਗ ਆਦਿ, ਦਾ ਨਸ਼ਾ ਕਰਨ ਵਾਲੇ ਨਿਹੰਗ ਬਣੇ, ਪਵਿਤ੍ਰਤਾ ਰਖਣ ਵਾਲੇ ਸਰਬ ਲੋਹੀਏ ਬਣੇ, ਨੀਲੀ ਪਗ ਵਾਲੇ ਅਕਾਲੀ ਬਣੇ । ਹਰ ਇਕ ਫਿਰਕਾ ਕਹਿੰਦਾ ਹੈ ਅਸੀਂ ਸਭ ਤੋਂ ਵਧੀਆ ਸਿਖ ਹਾਂ ।ਜਿਸ ਰਹਿਤ ਨਾਮੇਂ ਨੂੰ ਕਿਸੇ ਨੇ ਸਹੀ ਮਨ ਲਿਆ ਉਹ ਰਹਿਤ ਨਾਮੇਂ ਦਾ ਸਿਖ ਹੋ ਗਿਆ । ਸਾਡੇ ਸਚੇ ਗੁਰੂ ਗੋਬਿੰਦ ਸਿੰਘ ਨੇ ਲਿਖਨ ਵਾਲਿਆਂ ਨੂੰ ਵਖ ਵਖ ਰਹਿਤਾਂ ਨਹੀਂ ਦਸੀਆਂ ।
ਇਹਨਾਂ ਸਭ ਦਾ ਸ੍ਰੋਤ ਝੂਠਾ ਪੁਰਾਤਨ ਇਤਿਹਾਸ ਹੈ, ਇਹ ਫਿਰਕੇ ਗੁਰਬਾਣੀ ਉਪਦੇਸ਼ ਵਿਰੁਧ ਕਈ ਕਰਮ ਕਰਦੇ ਹਨ । ਗੁਰਸਿਖ ਇਸ ਵਿਸ਼ਾਲ ਇਤਿਹਾਸ ਵਿਚੋਂ ਇਕ ਵੀ ਘਟਨਾਂ ਨੂੰ ਸਚਾ ਸਿਖ ਇਤਿਹਾਸ ਨਹੀਂ ਮੰਨ ਸਕਦੇ ਭਾਵੇਂ ਕੁਝ ਘਟਨਾਵਾਂ ਸਚਾ ਇਤਿਹਾਸ ਹੋ ਸਕਦੀਆਂ ਹਨ । ਸਿਖ ਇਤਿਹਾਸ ਲਿਖਨ ਵਾਲੇ ਮੁਸਲਮਾਨ ਜਾਂ ਬ੍ਰਾਹਮਣੀ ਵਿਸ਼ਵਾਸ਼ਾਂ ਵਾਲੇ ਸਨ । ਜੰਹਾਂਗੀਰ ਨੇ ਕਿਹਾ ਗੁਰੂ ਅਰਜਨ ਸਾਹਿਬ ਨੇ ਝੂਠ ਦੀ ਦੁਕਾਨ ਖੋਲੀ ਹੈ ਤੇ ਗੁਰੂ ਸਾਹਿਬ ਨੂੰ ਚੰਦੂ ਨੂੰ ਜ਼ਿਰੀਆ ਬਣਾ ਕੇ ਸ਼ਹੀਦ ਕਰਵਾਇਆ । ਮੁਗਲ ਬਾਦਸ਼ਾਹ ਕਹਿੰਦੇ ਸਨ ਇਸਲਾਮ ਹੀ ਇਕ ਸਚਾ ਧਰਮ ਹੈ ਸਿਖ ਤੇ ਹਿੰਦੂ ਇਸਲਾਮ ਧਰਮ ਵਿਚ ਧਕੇ ਜਾਂ ਰਿਸ਼ਵਤ ਦੇ ਕੇ ਸ਼ਾਮਲ ਕੀਤੇ ਗਏ ।
ਸੰਸਾਰ ਦੇ ਧਰਮਾਂ ਦੇ ਇਤਹਾਸ ਵਿਚ ਕੂੜਾ ਇਤਿਹਾਸ ਰਚ ਕੇ, ਧਰਮਾਂ ਦੇ ਵਿਸ਼ਵਾਸ ਬਦਲਦੇ ਰਹੇ, ਧਰਮਾਂ ਦੀ ਸ਼ੰਸਕ੍ਰਿਤੀ ਬਦਲਦੀ ਰਹੀ ਤੇ ਧਰਮ ਪਰਿਵਰਤਨ ਜ਼ੁਲਮ ਤਸ਼ਦਦ ਨਾਲ ਵੀ ਹੁੰਦੇ ਰਹੇ ।ਮਿਸਾਲ ਲਈ ਅਸ਼ੋਕ ਦੇ ਕਾਲ ਵਿਚ ਬੁਧ ਧਰਮ ਦਾ ਪਰਸਾਰ ਸਾਰੇ ਭਾਰਤ ਵਿਚ ਹੋ ਗਿਆ ਸੀ। ਅਸ਼ੋਕ ਤੋਂ ਬਾਅਦ ਬੇਦ ਮਤ ਨੂੰ ਮਨਣ ਵਾਲੇ ਸ਼ੰਕਰਾਚਾਰੀਆ ਨੇਂ ਬੋਧੀਆਂ ਨੂੰ ਜੰਗਾਂ ਕਰ ਕੇ ਮਾਰ ਦਿਤਾ ਜੋ ਬਚੇ ਸਨ ਉਹਨਾਂ ਨੇਂ ਅਪਨਾਂ ਧਰਮ ਬਦਲਿਆ ਜਾਂ ਭਾਰਤ ਵਿਚੋਂ ਨਸ ਗਏ । ਇਸੀ ਸਮੇਂ ਵਿਚ ਬੁਧ ਧਰਮ ਦੀਆਂ ਧਰਮ ਪੁਸਤਕਾਂ ਨੂੰ ਨਸ਼ਟ ਕੀਤਾ ਗਿਆ ਤੇ ਬੋਧਿਕ ਸੰਸਕ੍ਰਿਤੀ ਬਦਲੀ ਗਈ । ਹਿੰਦੂ ਸੰਸਥਾਵਾਂ ਇਹੀ ਕਮ ਸਿਖ ਮਤ ਵਿਰੁਧ ਕਰਦੀਆਂ ਆ ਰਹੀਆਂ ਹਨ ਤੇ ਹੁਣ ਵੀ ਕਰ ਰਹੀਆਂ ਹਨ ।

ਬ੍ਰਾਹਮਣੀ ਸੰਸਥਾਵਾਂ ਸਿਖਾਂ ਦੇ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਵਿਚ ਰਲਾ ਨਹੀਂ ਪਾ ਸਕੀਆਂ,ਪਰ ਉਹਨਾਂ ਨੇ ਗੁਰਬਾਣੀ ਦੇ ਅਰਥ ਬੇਦ ਬਾਣੀ ਅਨੁਕੂਲ ਕਰ ਦਿਤੇ ।ਬ੍ਰਾਹਮਣੀਂ ਸੰਸਥਾਵਾਂ ਨੇ ਪੁਰਾਤਨ ਸਿਖ ਇਤਿਹਾਸ ਬੇਦ ਬਾਣੀ ਅਨੁਕੂਲ ਰਚਕੇ ਸਿਖਾਂ ਦੀ ਸੰਸਕ੍ਰਿਤੀ ਤੇ ਧਰਮ ਦੇ ਵਿਸ਼ਵਾਸ ਵੀ ਬਦਲਨ ਦਾ ਯਤਨ ਕੀਤਾ ਤੇ ਇਹ ਕੂੜਾ ਇਤਿਹਾਸ ਸਿਖਾਂ ਦੇ ਹਵਾਲੇ ਕੀਤਾ ।ਹੁਣ ਸਮਾਂ ਆ ਗਿਆ ਹੈ ਕਿ ਗੁਰਸਿਖ ਬ੍ਰਾਹਮਣ ਦੇ ਰਚੇ ਪਰਪੰਚ ਤੇ ਉਸਦੇ ਰਚੇ ਇਤਿਹਾਸ ਨੂੰ ਉਸਦੇ ਸਪੁਰਦ ਕਰ ਦੇਣ ।

ਗੁਰਬਾਣੀ ਸਚੀ ਹੈ ਤੇ ਇਸ ਵਿਚ, ਸਿਖ ਧਾਰਮਕ ਵਿਸ਼ਵਾਸ ਹਨ, ਤੇ ਕੁਝ ਹਦ ਤਕ ਸਿਖ ਇਤਿਹਾਸ ਵੀ ਹੈ । ਸਿਖ ਪੰਥ ਦਾ ਪੁਨਰਨਿਰਮਾਣ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਮੰਨ ਕੇ ਹੋ ਸਕਦਾ ਹੈ । ਅਜ ਦਾ ਅਕਾਲ ਤਖਤ ਤੇ ਸ਼ਿਰੋਮਣੀ ਸਿਖ ਗੁਰਦਆਰਾ ਕਮੇਟੀ ਬਾਦਲ ਸਰਕਾਰ ਤੇ ਆਰ ਐਸ ਐਸ ਦੇ ਹੁਕਮ ਵਿਚ ਕਾਰ ਕਰਦੇ ਹਨ, ਇਹ ਇਹਨਾਂ ਦੀ ਮਜਬੂਰੀ ਹੈ ।ਇਹ ਸਿਖਾਂ ਦੇ ਨੁਮਾਇੰਦੇ ਨਹੀਂ ਰਹੇ ।ਇਸ ਸਚਾਈ ਨੂੰ ਬੁਧੀ ਜੀਵੇ ਜਾਣਦੇ ਹਨ ਤਾਂ ਭੀ ਕਹਿੰਦੇ ਹਨ ਅਸੀਂ ਅਕਾਲ ਤਖਤ ਨੂੰ ਮੰਣਦੇ ਰਹਾਂਗੇ ।

ਸਿਖ ਪੰਥ ਦੀ ਅਗਵਾਈ ਇਸ ਸਮੇਂ ਦਿਲੀ ਸਿਖ ਗੁਰਦੁਆਰਾ ਕਮੇਟੀ ਜਾਂ ਹੋਰ ਕੋਈ ਨਵੀਂ ਸੰਸਥਾ ਕਰ ਸਕਦੀ ਹੈ, ਜੇ ਉਹ ਬ੍ਰਾਹਮਣ ਦੇ ਰਚੇ ਪਰਪੰਚ ਨੂੰ ਪਹਿਲਾਂ ਆਪ ਸਮਝਣ ਤੇ ਆਤਮ ਵਿਸ਼ਵਾਸ ਨਾਲ ਕਮ ਕਰਨ ।

ਗੁਰੂ ਜੀ ਮਿਹਰ ਕਰਣ, ਸਾਰੇ ਗੁਰਸਿਖ ਅਦਾਰੇ ਸਚਾਈ ਨੂੰ ਸੁਣਨ ਤੇ ਸਮਝਨ ।

੧੯੩੬/੪੫ ਦੀ ਰਹਿਤ ਮਰਯਾਦਾ ਲਾਗੂ ਹੋਣ ਤੋਂ ਬਾਦ ਖੰਡੇ ਦੀ ਪਹੁਲ ਸਿਖ ਧਰਮ ਵਿਚ ਪਰਵੇਸ਼ ਕਰਨ ਤੇ ਗੁਰੂ ਵਾਲੇ ਬਨਣ ਦਾ ਵਿਧਾਨ ਮੰਨਿਆ ਗਿਆ ।ਸਾਡੇ ਸਹਯੋਗੀਆਂ ਦਾ ਸਵਾਲ ਹੈ ਕਿ ਸਿਖੀ ਵਿਚ ਪਰਵੇਸ਼ ਦਾ ਸਹੀ ਵਿਧਾਨ ਕੀ ਹੋਨਾ ਚਾਹੀਦਾ ਹੈ?

ਦਾਸ ਨੇ ਇਸ ਵਿਸ਼ੇ ਤੇ ਇਕ ਵਖਰਾ ਲੇਖ ਲਿਖਿਆ ਹੈ, ਇਸ ਨੂੰ ਧਿਆਨ ਵਿਚ ਰਖ ਕੇ ਅਸੀਂ ਨਵਾਂ ਵਿਧਾਨ ਬਣਾ ਸਕਦੇ ਹਾਂ । ਸਾਡੀ ਨਵੀਂ ਅਰਦਾਸ ਦਾ ਖਰੜਾ ਵੀ ਦਾਸ ਨੇ ਇਕ ਵਖਰੇ ਲੇਖ ਵਿਚ ਲਿਖਿਆ ਹੈ । ਇਹ ਦੋਨੋਂ ਲੇਖ ਵੀ ਇਸ ਲੇਖ ਨਾਲ ਜੋੜੇ ਹਨ ।

## ਸਿਖ ਧਰਮ ਵਿਚ ਪਰਵੇਸ਼ ਦੀ ਵਿਧੀ ਗੁਰਬਾਣੀ ਉਪਦੇਸਾਂ ਅਨੁਸਾਰ ਤੇ 'ਗੁਰਬਾਣੀ ਅਧਾਰ' ਤੇ ਸਿਖ ਦੀ ਪਛਾਣ।

ਗਰੁਬਾਣੀ ਅਨੁਸਾਰ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਸਿਖੀ ਵਿਚ ਪਰਵੇਸ਼ ਕਰਨ ਲਈ ਗੁਰੂ ਜੀ ਗੁਰ ਉਪਦੇਸੁ, ਗਰੁਮੰਤ੍ਰ ਨਾਮ ਕਨ ਵਿਚ ਦਿੰਦੇ ਸਨ। ਕੁਝ ਇਤਹਾਸਕਾਰਾਂ ਦੀ ਰਾਏ ਹੈ ਕਿ ਗੁਰੂ ਜੀ ਚਰਨ ਪਹੁਲ ਦੇ ਕੇ ਸੀਖਿਆ ਦੀਖਿਆ ਦਿੰਦੇ ਸਨ।

**ਉਧਾਰਨ ਗੁਰਬਾਣੀ**

ਗੁਰ ਓਪੁਦੇਸੁ ਮੋਹਿ ਕਾਨੀ ਸੁਨਿਆ ॥ ਪ ੧੩੪੭

(ਗੁਰਉਪਦੇਸੁ ਵਿਚ ਗੁਰਮੰਤ੍ਰ ਨਾਮ ਸ਼ਾਮਲ ਹੈ )

ਗੂਰੂ ਜੀ ਗੁਰਮੰਤ੍ਰ ਸਬਦੁ ਸਚੁ ਗੁਰਸਿਖ ਨੂੰ ਦਿੰਦੇ ਸਨ।

ਗੁਰਮੰਤ੍ਰ = ਸਬਦੁ ਸਚੁ, =ਨਾਮ 'ਵਾਹਿਗੁਰੂ' ।ਨਾਮ ਦਾ ਜਪ, ਸਿਮਰਨ, ਅਰਾਧਨਾਂ, ਧਿਆਨ ਕਰਨ ਨਾਲ ਗੁਰਸਿਖ ਨੂੰ ਅੰਤਰਗਤ ਗੁਰਬਾਣੀ ਤੇ ਅਕਾਲ ਪੁਰਖ, ਬ੍ਰਹਮ ਦੀ ਸੋਝੀ ਤੇ ਗਿਆਨ ਪ੍ਰਾਪਤ ਹੁੰਦਾ ਹੈ । ਗੁਰਮੰਤ੍ਰ ਨਾਮੁ ਗਿਆਨ ਰਾਸਿ ਹੈ, ਜੋ ਗੁਰੂ ਜੀ ਸਿਖੀ ਪਰਵੇਸ਼ ਕਰਨ ਸਮੇਂ ਦਿੰਦੇ ਹਨ ।

ਸੁਣਿ ਸਜਣ ਜੀ ਮੈਡੜੇ ਮਤਿਾ ਰਾਮ ॥ ਗਰੁਮੰਤ੍ਰ ਸਬਦੁ ਸਚੁ ਦੀਤਾ ਰਾਮ॥
ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ ॥ ਪ ੫੭੬

ਗੁਰੁ ਮੰਤ੍ਰ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜਓਿ ॥ ਪ ੪੪੭

ਗੁਰ ਸਬਦੀ ਜਪੀਐ ਸਚੁ ਲਾਹਾ ॥ ਪ ੧੨੯੧

(ਗੁਰ ਸਬਦ, ਸਚੁ ਸਬਦੁ ਤੇ ਗੁਰਮੰਤ੍ਰ ਨਾਮ ਇਕ ਹੀ ਹਨ)

ਮਨ ਰੇ ਸਦਾ ਭਜਹੁ ਹਰਿ ਸਰਣਾਈ ॥ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ॥ਪ ੩੧
(ਜਦੋਂ ਗੁਰਮਤਿ ਨਾਮ ਸਿਮਰਨ ਸਦਕਾ ਗੁਰ ਕਾ ਸਬਦੁ/ਗੁਰਮੰਤ੍ਰ ਨਾਮ ਹਿਰਦੇ ਵਿਚ ਵਸ ਜਾਏ ਤਾਂ ਹਰਿ ਵਿਸਰਦਾ ਨਹੀਂ । ਪ੍ਰਭੂ ਮਿਲਾਪ ਹੋ ਜਾਂਦਾ ਹੈ )

ਗ੍ਰੂਰੂ ਗਰ੍ਰੰਥ ਸਾਹਿਬ ਪੂਰੇ ਸਤਿਗੁਰੂ ਹਨ, ਗੁਰਬਾਣੀ ਗੁਰੂ ਹੈ॥ ਦੇਹ ਵਿਚ ਗੁਰੂ ਦੀ ਪ੍ਰਥਾ ਸਮਾਪਤ ਹੋਨ ਤੋਂ ਬਾਦ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਿਖੀ ਵਿਚ ਪਰਵੇਸ਼ ਲਈ, ਦੀਖਿਆ, ਗੁਰਉਪਦੇਸੁ ਗੁਰਮੰਤ੍ਰ ਨਾਮ ਦੀ ਦਾਤ ਦੇ ਸਕਦੇ ਹਨ ॥
ਅਸੀਂ ਸਿਖੀ ਵਿਚ ਪਰਵੇਸ਼ ਲਈ ਨਵਾਂ ਵਿਧਾਨ, ਗੁਰਬਾਣੀ ਉਪਦੇਸਾਂ ਅਨੁਸਾਰ ਬਨਾਣ ਲਈ, ਹੇਠ ਲਿਖੀ ਜੁਗਤੀ ਅਪਨਾ ਸਕਦੇ ਹਾਂ। ਇਸ ਮਸਲੇ ਤੇ ਆਪਸੀ ਵਿਚਾਰ ਕਰ ਕੇ ਨਿਰਣਾ ਲਿਆ ਜਾ ਸਕਦਾ ਹੈ।
ਸਤਿ ਸੰਗਤਿ ਵਿਚ ਕੀਰਤਨ, ਕਥਾ ਤੋਂ ਬਾਦ ਅਰਦਾਸ ਕਰਨ ਵਾਲਾ ਗੁਰਸਿਖ ਅਖੀਰ ਵਿਚ ਬੇਨਤੀ ਕਰੇ, ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਸਿਖੀ ਵਿਚ ਪਰਵੇਸ਼ ਦੀ ਯਾਚਨਾ ਕਰਨ ਵਾਲੇ ਪ੍ਰੇਮੀ ਆਪ ਜੀ ਦੇ ਹਜ਼ੂਰ ਖੜੇ ਹੋ ਕੇ ਨਾਮ ਦੀ ਦਾਤ ਲਈ, ਅਰਦਾਸ ਬੇਨਤੀ ਕਰ ਰਹੇ ਹਨ। ਨਾਮ ਅਭਿਲਾਖੀ ਪ੍ਰੇਮੀਆਂ ਨੂੰ ਉਪਦੇਸੁ ਦਿਉ, ਗੁਰਮੰਤ੍ਰ ਨਾਮ ਦੀ ਦਾਤ ਬਖਸ਼ੋ ॥ ਹੁਕਮ ਨਾਮਾ ਬਖਸ਼ ਕੇ ਪਰਵਾਨਗੀ ਦਿਉ ।

ਹੁਕਮਨਾਮਾ ਲੈਨ ਤੋਂ ਬਾਦ ਗ੍ਰੰਥੀ ਸਿੰਘ ਸੰਗਤਿ ਵਿਚ ਕਹੇ, ਗੁਰਸਬਦ, ਗੁਰਮੰਤ੍ਰ ਨਾਮ, 'ਵਾਹਿਗੁਰੁ', ਮੇਰੇ ਨਾਲ ਪੰਜ ਵਾਰੀ ਬੋਲੋ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ । ਗੁਰੂ ਜੀ ਗੁਰਮੰਤ੍ਰ ਨਾਮ ਦੇ ਜਪ ਸਿਮਰਣ, ਆਰਾਧਨਾਂ ਦਾ ਉਪਦੇਸ ਦਿੰਦੇ ਹਨ। ਗੁਰੂ ਜੀ ਦਾ ਹੁਕਮ ਹੈ ਸਿਖੀ ਵਿਚ ਪਰਵੇਸ਼ ਕਰਨ ਲਈ ਅਪਨੇ ਪਹਿਲੇ ਧਰਮ ਦੇ ਵਿਸ਼ਵਾਸ਼ਾਂ, ਜਿਸਤਰਾਂ ਬੇਦਬਾਣੀ ਦੇ ਉਪਦੇਸਾਂ, ਦੇਵੀ ਦੇਵਤਿਆਂ ਦੀ ਪੂਜਾ ਬੰਦਗੀ, ਤੀਰਥ ਇਸ਼ਨਾਨ ਆਦਿ ਨੂੰ ਤਿਆਗ ਕੇ ਆਓ। ਸਿਖੀ ਵਿਚ ਪਰਵੇਸ਼ ਤੋਂ ਪਹਿਲਾਂ ਗੁਰੂ ਅੰਗਦ ਦੇਵ ਤੇ ਗੁਰੁ ਅਮਰਦਾਸ ਜੀ ਨੇ ਇਹਨਾਂ ਹੁਕਮਾਂ ਦੀ ਤਾਮੀਲ ਕੀਤੀ ਸੀ। ਸਿਖੀ ਵਿਚ ਪਰਵੇਸ਼ ਤੋਂ ਬਾਦ ਵੀ ਇਹ ਹੁਕਮ ਲਾਗੂ ਹੈ।

ਆਪ ਨੇ ਸਾਬਤ ਸੂਰਤ ਕੇਸਾਧਾਰੀ ਰਹਿਨਾ ਹੈ।ਇਸ ਦੀ ਗਵਾਹੀ ਵੀ ਸਾਨੂੰ ਗੁਰਬਾਣੀ ਤੋਂ ਮਿਲਦੀ ਹੈ। ਗੁਰੁ ਜੀ ਦੇ ਹੁਕਮ ਹਨ, ਗ੍ਰਹਿਸਤ ਜੀਵਨ ਵਿਚ ਰਹੋ, ਧਰਮ ਦੀ ਕਿਰਤ ਕਰੋ, ਵੰਡ ਛਕੋ, ਬੁਰਿਆਈਆਂ ਤੋਂ ਬਚੋ, ਨੇਕ ਕਰਮ ਕਰੋ, ਤੇ ਨਾਮ ਜਪੋ। ਤੁਸੀਂ ਨਾਮ ਜਪੋਗੇ ਤਾਂ ਗੁਰੂ ਜੀ ਤੁਹਾਨੂੰ, ਚੰਗੇ ਆਚਾਰ ਬਿਉਹਾਰ ਵਾਲਾ ਸੁਖੀ ਜੀਵਨ ਬਖਸ਼ਨਗੇ ਤੇ ਹਰ ਥਾਂਈ ਸਹਾਈ ਹੋਣਗੇ। ਗੁਰਬਾਣੀ ਅਨੁਸਾਰ ਭਗਤ ਉਹ ਹੈ ਜੋ ਗੁਰਿਮਤਿ ਨਾਮ ਦਾ ਜਪ, ਸਿਮਰਨ, ਆਰਾਧਨਾ ਕਰਦਾ ਹੈ।

ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥

ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ॥ ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਿਤਿਗੁਰੁ ਸਿਖ ਕਉ ਜੀਅ ਨਾਲ ਸਮਾਰੈ ॥ ਪ ੨੮੬ ॥ (ਗੁਰਮੰਤ੍ਰ ਨਾਮ= ਨਾਮ ਧਨੁ)
ਗੁਰਬਾਣੀ, ਸਿਖ ਅਖਵਾਉਣ ਵਾਲੇ ਦੀ ਇਕ ਹੋਰ ਪਛਾਣ ਦਸਦੀ ਹੈ।
ਗੁਰ ਸਤਿਗੁਰ ਕਾ ਜੋ ਸਿਖ ਅਖਾਏ ਸੁ ਭਲਕੇ ਉਠ ਹਰਿ ਨਾਮ ਧਿਆਵੈ ॥
ਉਦਮ ਕਰੇ ਭਲਕੇ ਪਰਭਾਤੀ ਇਸਨਾਨ ਕਰੇ ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲ਼ਹਿ ਜਾਵੈ॥ ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨ ਭਾਵੈ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪ ਜਪੈ ਅਵਰਹ ਨਾਮੁ ਜਪਾਵੈ ॥ ਪਨਾ ੩੦੫-੬

ਮਥਾ ਟੇਕੋ ਤੇ ਅਪਨੇ ਅਸਥਾਨ ਤੇ ਬੈਠ ਜਾਓ ਜੀ।
ਗੁਰ ਉਪਦੇਸੁ ਗੁਰਮੰਤ੍ਰ ਨਾਮ ਲੈਕੇ ਨਵੇਂ ਸਜੇ ਗੁਰਸਿਖਾਂ ਦੇ ਨਾਮ ਗ੍ਰੰਥੀ ਸਿੰਘ ਰਜਿਸਟਰ ਵਿਚ ਲਿਖ ਲਏ ।

**ਸਿਖ ਦੀ ਪਛਾਣ ਗੁਰਬਾਣੀ ਅਧਾਰ ਤੇ ।**

ਸਿਖ ਉਹ ਹੈ ਜਿਸ ਨੇ ਪੂਰੇ ਗੁਰੂ ਤੋਂ ਦੀਖਿਆ ਲਈ ਹੈ। ਸਿਖ ਕਿਸੇ ਹੋਰ ਧਰਮ ਦੇ ਗ੍ਰੰਥ, ਜਾਂ ਉਪਦੇਸ਼ ਨੂੰ ਨਹੀਂ ਮੰਨਦਾ। ਸਿਖ ਮੂਲ ਮੰਤ੍ਰ ਵਿਚ ਦਰਸਾਏ ਨਾਮ ਜੋਤਿ ਰੂਪ ਅਕਾਲ ਪੁਰਖ ਤੋਂ ਇਲਾਵਾ ਕਿਸੇ ਹੋਰ ਦੇਵੀ ਦੇਵਤੇ ਆਦਿ ਨੂੰ ਨਹੀਂ ਪੂਜਦਾ ।
ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸਿਖ ਕੇਸਾਂ ਦਾੜੀ ਵਾਲੇ ਸਾਬਤ ਸੂਰਤਿ, ਪਰਮੇਸਰ ਦੀ ਦਿਤੀ ਦਾਤ ਨੂੰ ਕਾਇਮ ਰਖਦੇ ਸਨ। ਸਭ ਗੁਰੂ ਸਾਹਿਬਾਨ ਸਾਬਤ ਸੂਰਤ ਕੇਸਾਂ ਤੇ ਦਾੜੀ ਦੇ ਧਾਰਨੀ ਸਨ, ਸਭ ਨੇ ਗ੍ਰਿਹਸਤ ਜੀਵਨ ਨਿਭਾਇਆ।

ਕੇਸਾਂ ਦਾੜੀ ਬਾਰੇ ਗੁਰਬਾਣੀ ਦੀਆਂ ਕੁਝ ਤੁਕਾਂ ।

ਕੇਸ ਸੰਗ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥ ਪਨਾ ੫੦੦

ਕੇਸਾ ਕਰ ਚਵਰ ਢੁਲਾਵਾ,ਚਰਣ ਧੂੜ ਮੁਖ ਲਾਈ ॥ ਪਨਾ ੩੪੯

ਕੇਸਾ ਕਰ ਬੀਜਨਾ ਸੰਤ ਚਉਰ ਢੁਲਾਵਉ ॥ ਪਨਾ ੭੪੫

ਸੇ ਦਾੜੀਆਂ ਸਚੀਆਂ ਜਿ ਗੁਰ ਚਰਨੀ ਲਗੰਨ੍ਹਿ ॥
ਅਨਦਿਨੁ ਸੇਵਨਿ ਗੁਰ ਆਪਣਾ ਅਨਦਿਨੁ ਅਨਦਿ ਰਹੰਨਿ ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ ॥

ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚ ਕਮਾਹਿ ॥
ਸਚਾ ਸਬਦੁ ਮਨ ਵਸਿਆ ਸਤਿਗੁਰ ਮਾਂਹਿ ਸਮਾਹਿ ॥
ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥ ਪਨਾ ੧੪੧੯

ਉਪਰ ਦਿਤੇ ਪਰਮਾਨਾਂ ਤੋਂ ਸਿਧ ਹੈ ਕਿ ਜਿਨ੍ਹਾ ਗੁਰਸਿਖਾਂ ਨੇ ਕੇਸ ਦਾੜੀ ਮੁੰਡਵਾ ਲਏ ਉਹ ਗੁਰੂ ਜੀ ਦੀਆਂ ਨਜ਼ਰਾਂ ਵਿਚ ਸਿਖ ਨਹੀਂ ।

## ਨਵੀਂ ਸਿਖ ਰਹਿਤ ਮਰਯਾਦਾ 'ਅਰਦਾਸ'

ਭੂਮਿਕਾ

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ, ਸਿਖ, ਅਰਦਾਸ ਗੁਰੂ ਅਗੇ ਹੀ ਕਰਦੇ ਸਨ ।

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ ਪੰਨਾ ੫੧੯
(ਗੁਰੂ ਜੀ ਕਹ ਰਹੇ ਹਨ ਜੋ ਅੰਦਰਿ ਦੀ ਦੁਖ ਪੀੜਾ ਹੈ, ਤੂੰ ਗੁਰੂ ਅਗੇ ਅਰਦਾਸ ਕਰ ।)
ਹਰ ਗੁਰਸਿਖ ਨੂੰ ਅਪਨੇ ਅੰਦਰ ਦੀ ਪੀੜਾ ਦਾ ਆਪ ਹੀ ਪਤਾ ਹੈ ਇਸ ਲਈ ਅਰਦਾਸ ਆਪ ਹੀ ਕਰਨੀਂ ਚਾਹੀਦੀ ਹੈ । ਜੋ ਗੁਰਸਿਖ ਪਾਠ ਕਰਦਾ ਹੈ, ਕੀਰਤਨ ਸੁਨਦਾ, ਹੈ ਨਾਮ ਜਪਦਾ ਹੈ, ਉਸ ਦੇ ਦੇ ਅੰਦਰਿ ਗੁਰੂ ਵਸਦਾ ਹੈ । ਬੇਨਤੀ ਵਿਚ ਧਿਆਨ ਰਖ ਕੇ, ਅਰਦਾਸ ਕਰੀਏ ਤਾਂ ਅੰਦਰ ਵਸਦੇ ਗੁਰੂ ਚਰਣਾਂ ਵਿਚ ਪਹੁੰਚਦੀ ਹੈ ਤੇ ਐਸੀ ਅਰਦਾਸ ਗੁਰੂ ਜੀ ਸੁਨਦੇ ਹਨ । ਸਾਡੇ ਦੁਖ ਸੁਖ ਸਾਡੇ ਭਾਗ ਹਨ। ਗੁਰੂ ਜੀ ਨੂੰ ਭਾਵੇ ਤਾਂ ਨਦਰ ਕਰਮ ਬਖਸ਼ੀਸ਼ ਕਰ ਕੇ ਭਾਗ ਬਦਲ ਦਿੰਦੇ ਹਨ ।ਅਪਨੇ ਬਚੇ ਜਾਂ, ਰਿਸ਼ਤੇਦਾਰ ਜਾਂ ਮਿਤ੍ਰ ਲਈ ਅਰਦਾਸ ਗੁਰਸਿਖ ਕਿਤੇ ਬੈਠਾ ਵੀ ਕਰ ਸਕਦਾ ਹੈ ।

ਅਜਕਲ ਗ੍ਰੰਥੀ ਨੂੰ ਗੁਰਸਿਖ ਅਰਦਾਸ ਭੇਟ ਦਿੰਦੇ ਹਨ । ਐਸੀ ਮਾਇਆ ਦੀ ਅਰਦਾਸ ਧੰਦਾ ਹੈ ।

ਗੁਰੂ ਅਗੇ ਅਰਦਾਸ ਪਾਰਬ੍ਰਹਮ ਅਗੇ ਵੀ ਅਰਦਾਸ ਹੈ । ਗੁਰੂ ਅਗੇ ਅਰਦਾਸ ਗੁਰਸਿਖ ਦੀ ਭਗਤੀ ਵੀ ਹੈ । ਗੁਰੂ ਨੂੰ ਧੰਨ ਕਹਨਾ ਗੁਰਸਿਖ ਦੀ ਭਗਤੀ ਹੈ।

ਗੁਰਦੇਵ ਸਤਿਗੁਰ ਪਾਰਬ੍ਰਹਮੁ ਪਰਮੇਸਰ ਗੁਰਦੇਵ ਨਾਨਕ ਹਰਿ ਨਮਸਕਰਾ ॥ ਪੰਨਾ੨੫੦

ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥ ਪੰਨਾ ੮੦੦

ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ਪੰਨਾ ੧੬੮

ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ ॥ ਪੰਨਾ ੨੧੦

## ਨਵੀਂ ਅਰਦਾਸ ਦਾ ਖਰੜਾ

ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥
ਕਰਿ ਕਿਰਪਾ ਅਪਨੀ ਭਗਤੀ ਲਾਇ ॥ ਜਨ ਨਾਨਕ ਪ੍ਰਭੁ ਸਦਾ ਧਿਆਇ ॥ ਪੰਨਾ ੭੩੭

ਧੰਨੁ ਧੰਨੁ ਗੁਰੂ ਨਾਨਕ ਦੇਵ ਸਾਹਿਬ । ਧੰਨੁ ਗੁਰੂ ਅੰਗਦ ਦੇਵ ਸਾਹਿਬ । ਧੰਨੁ ਗੁਰੂ ਅਮਰਦਾਸ ਸਾਹਿਬ ।

ਧੰਨੁ ਗੁਰੂ ਰਾਮਦਾਸ ਸਾਹਿਬ । ਧੰਨੁ ਗੁਰੂ ਅਰਜਨ ਦੇਵ ਸਾਹਿਬ । ਧੰਨੁ ਗੁਰੂ ਹਰਿ ਗੋਬਿੰਦ ਸਾਹਿਬ ।

ਧੰਨੁ ਗੁਰੂ ਹਰਿ ਰਾਇ ਸਾਹਿਬ । ਧੰਨੁ ਗੁਰੂ ਹਰਿ ਕ੍ਰਿਸ਼ਨ ਸਾਹਿਬ । ਧੰਨੁ ਗੁਰੂ ਤੇਗ ਬਹਾਦਰ ਸਾਹਿਬ । ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ।
ਦਸਾਂ ਪਾਤਸ਼ਾਹੀਆਂ ਦੇ ਸਬਦ, ਬਾਣੀ ਸਰੂਪ, ਧੰਨੁ ਧੰਨੁ ਗੁਰੂ ਗ੍ਰੰਥ ਸਾਹਿਬ ਸਾਹਿਬ ਜੀ ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਆਸਰਿਆਂ ਦੇ ਆਸਰਾ ਗੁਰੂ ਗਰੀਬ ਨਿਵਾਜ ਜੀ ਆਪ ਜੀ ਅਗੇ ਅਰਦਾਸ ਬੇਨਤੀ ਹੈ ---( ਜੋ ਬੇਨਤੀ ਹੈ ਰਸਨਾ ਨਾਲ ਜਾਂ ਮਨ ਵਿਚ ਬੋਲੋ-)।

- ਸੇਈ ਗੁਰਮੁਖ ਪਿਆਰੇ ਮੇਲੋ ਜਿਨਾਂ ਡਿਠਿਆਂ ਆਪ ਜੀ ਦਾ ਨਾਮ ਚਿਤ ਆਵੇ। ਅਖਰ ਵਾਧਾ ਘਾਟਾ, ਭੁਲ਼ ਚੁਕ ਮਾਫ ਕਰਨੀ ।

ਆਪ ਜੀ ਦੇ ਭਾਣੇ ਸਰਬਤ ਦਾ ਭਲਾ , ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਓ ।

ਜੇ ਅਰਦਾਸ ਸੰਗਤਿ ਵਿਚ ਹੋ ਰਹੀ ਹੈ ਤਾਂ ਕਹੋ,
ਬੋਲੇ ਸੋ ਨਿਹਾਲ ਸਤ ਸ੍ਰੀ ਅਕਾਲ ।

ਅਰਦਾਸ ਸਵੇਰ, ਸ਼ਾਮ , ਗੁਰਦੁਆਰਿਆਂ ਵਿਚ ਦੀਵਾਨ ਸਮਾਪਤੀ ਵੇਲੇ ਕੀਤੀ ਜਾਂਦੀ ਹੈ, ਗੁਰੂ ਸਾਹਿਬਾਨ ਦੇ ਜਨਮ ਦਿਹਾੜਿਆਂ ਤੇ ਹੋਰ ਸਮਾਗਮਾਂ ਤੇ ਕੀਤੀ ਜਾਂਦੀ ਹੈ, ਘਰਾਂ ਵਿਚ ਕਾਰਜਾਂ ਦੀ ਸਫਲਤਾ ਲਈ ਕੀਤੀ ਜਾਂਦੀ ਹੈ। ਇਹਨਾਂ ਸਮਿਆਂ ਤੇ ਲੋੜ ਅਨੁਸਾਰ ਤਬਦੀਲੀਆਂ ਕਰਨੀਆਂ ਜ਼ਰੂਰੀ ਹਨ।

## ਅੰਤਕਾ

ਦਾਸ ਨੇਂ ਇਸ ਲੇਖ ਰਾਹੀਂ ਸਿਖ ਪੰਥ ਦੇ ਹਾਲਾਤ ਦੀ ਗੰਭੀਰਤਾ, ਸਭ ਗੁਰਸਿਖਾਂ ਤਾਂਈਂ ਪਹਚਾਉਂਨ ਦੀ ਕੋਸ਼ਿਸ਼ ਕੀਤੀ ਹੈ ।ਸਿਖ ਪੰਥ ਦੀ ਅਧੋਗਤੀ ਕਿਸੇ ਤੋਂ ਛਿਪੀ ਨਹੀਂ, ਇਹ ਪੰਥ ਦੀ ਪੀੜਾ ਹੈ ।ਦਾਸ ਦੇ

ਮਨ ਵਿਚ ਸਭ ਸਿਖ ਜਥੇ ਬੰਦੀਆਂ ਲਈ ਆਦਰ ਤੇ ਸਤਕਾਰ ਹੈ ।ਸਭ ਅਪਨੇ ਅਪਨੇ ਵਿਸ਼ਵਾਸ਼ਾਂ ਦੇ ਦਾਇਰੇ ਵਿਚ ਬੰਦ ਹਨ ।ਕਿਸੇ ਵਿਰਲੇ ਨੇਂ ਦਸਮ ਗ੍ਰੰਥ, ਸਰਬ ਲੋਹ ਗ੍ਰੰਥ ਤੇ ਰਹਿਤ ਨਾਮਿਆਂ ਨੂੰ ਪੜ੍ਹਿਆ ਤੇ ਵਿਚਾਰਿਆ ਹੈ । ਇਸ ਔਖੀ ਘੜੀ ਵਿਚ ਇਹਨਾਂ ਪੁਸਤਕਾਂ ਦੀ ਅਸਲੀਅਤ ਜਾਣਨਾ ਸਭ ਗੁਰਸਿਖਾਂ ਲਈ ਲਾਜ਼ਮੀ ਹੈ ਤਾ ਕਿ ਪੰਥ ਸਹੀ ਨਿਰਣੇ ਕਰ ਸਕੇ ।ਜੇ ਕਿਸੇ ਗੁਰਸਿਖ ਨੂੰ ਇਸ ਪੇਸ਼ਕਾਰੀ ਤੋਂ ਦੁਖ ਹੋਇਆ ਹੋਵੇ ਤਾਂ ਦਾਸ ਖਿਮਾਂ ਮੰਗਦਾ ਹੈ ।
ਦਾਸ ਦੀ ਵਿਚਾਰ ਹੈ ਕਿ ਜੇ ਸਭ ਗੁਰਸਿਖ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਵਿਚ ਆ ਜਾਣ ਤਾਂ ਸਾਡੇ ਸਭ ਮਸਲੇ ਗੁਰੂ ਜੀ ਹਲ ਕਰ ਦੇਣਗੇ ।

Dr Gurmukh Singh, B6/58, SafdarJang Enclave, New Delhi 110029
Tel 26102376     25 Jan 2010